# 7

# ਬੁੱਧ ਅਤੇ ਗਿਆਨ ਦਾ ਸੋਮਾ ਮਸੀਹ

## (2:1-7)

2: 1–7 ਵਿਚ ਪੌਲੁਸ ਨੇ ਕੁਲੁੱਸੀਆਂ ਨੂੰ ਦੱਸਿਆ ਕਿ ਉਹ ਉਨ੍ਹਾਂ ਨੂੰ ਖ਼ੁਦਾ ਦੇ ਗਿਆਨ ਨਾਲ ਭਰਪੂਰ ਹੋ ਕੇ ਪ੍ਰੇਮ ਨਾਲ ਦਲੇਰ ਅਤੇ ਮਜ਼ਬੂਤ ਹੁੰਦੇ ਵੇਖਣ ਦਾ ਚਾਹਵਾਨ ਸੀ। ਹਰ ਰੂਹਾਨੀ ਜਾਣਕਾਰੀ ਜਿਸ ਦੀ ਉਨ੍ਹਾਂ ਨੂੰ ਲੋੜ ਸੀ ਮਸੀਹ ਵਿਚ ਮਿਲ ਸਕਦੀ ਸੀ। ਇਸ ਲਈ ਉਨ੍ਹਾਂ ਲਈ ਜ਼ਰੂਰੀ ਸੀ ਕਿ ਉਹ ਉਸ ਦੀ ਮੰਨਣ ਅਤੇ ਉਸ ਨਾਲ ਆਪਣੀ ਵਫ਼ਾਦਾਰੀ ਤੋਂ ਪਿੱਛੇ ਨਾ ਹਟਣ।

### ਪੌਲੁਸ ਦੀ ਇੱਛਾ: ਖ਼ੁਦਾ ਦੇ ਭੇਤ ਦੀ ਉਨ੍ਹਾਂ ਦੀ ਪੂਰੀ ਸਮਝ (2:1, 2)

**[1]ਮੈਂ ਚਾਹੁੰਦਾ ਹਾਂ ਭਈ ਤੁਸੀਂ ਇਹ ਜਾਣੋ ਜੋ ਮੈਂ ਤੁਹਾਡੇ ਅਤੇ ਉਨ੍ਹਾਂ ਦੇ ਲਈ ਜਿਹੜੇ ਲਾਉਦੀਕੀਆ ਵਿਚ ਹਨ ਅਤੇ ਉਨ੍ਹਾਂ ਸਭਨਾਂ ਦੇ ਲਈ ਜਿਨ੍ਹਾਂ ਮੇਰਾ ਮੂੰਹ ਨਹੀਂ ਡਿੱਠਾ ਕੇਡਾ ਜਤਨ ਕਰਦਾ ਹਾਂ। [2]ਤਾਂ ਜੋ ਉਨ੍ਹਾਂ ਦੇ ਦਿਲਾਂ ਨੂੰ ਤਸੱਲਾ ਹੋਵੇ ਅਤੇ ਓਹ ਪ੍ਰੇਮ ਵਿਚ ਗੁੰਦੇ ਰਹਿਣ ਭਈ ਓਹ ਸਮਝ ਦੀ ਪੂਰੀ ਨਿਹਚਾ ਦੇ ਸਾਰੇ ਧਨ ਨੂੰ ਪਰਾਪਤ ਹੋ ਜਾਣ ਅਤੇ ਪਰਮੇਸ਼ੁਰ ਦੇ ਭੇਤ ਨੂੰ ਜਾਣ ਲੈਣ ਅਰਥਾਤ ਮਸੀਹ ਨੂੰ।**

**''ਮੈਂ ਚਾਹੁੰਦਾ ਹਾਂ ਭਈ ਤੁਸੀਂ ਇਹ ਜਾਣੋ ਜੋ . . . ਮੈਂ ਕੇਡਾ ਜਤਨ ਕਰਦਾ ਹਾਂ'' (2: 1)**

1:28 ਵਿਚ ਉਸ ਨੇ ਦੱਸਿਆ ਕਿ ਉਸ ਦਾ ਟੀਚਾ ਸੀ ਕਿ ''ਹਰ ਇਕ ਮਨੁੱਖ ਨੂੰ ਮਸੀਹ ਵਿਚ ਸਿੱਧ ਕਰਕੇ ਖੜਾ'' ਕਰੇ। ਇਹ ਤਦੇ ਹੋ ਸਕਦਾ ਸੀ ਜਦ ਕੁਲੁੱਸੇ ਅਤੇ ਹੋਰ ਥਾਂਵਾਂ ਦੇ ਲੋਕ ਆਪਣੀਆਂ ਜ਼ਿੰਦਗੀਆਂ ਵਿਚ ਦੱਸੇ ਗੁਣਾਂ ਨੂੰ ਵਧਾਉਂਦੇ। ਉਨ੍ਹਾਂ ਨੂੰ ਮਸੀਹ ਵਿਚ ਸਿੱਧ ਪੇਸ਼ ਕਰਨ ਦੇ ਟੀਚੇ ਦੇ ਆਪਣੇ ਯੋਗਦਾਨ ਦੇ ਕਾਰਣ ਉਨ੍ਹਾਂ ਨੂੰ ਉਹਦੇ ਵੱਲੋਂ ਅਤੇ ਲਾਉਦੀਕੀਆ ਅਤੇ ਹੋਰ ਕਿਸੇ ਵੀ ਥਾਂ ਦੇ ਮਸੀਹੀ ਲੋਕਾਂ ਵੱਲੋਂ ਮਿਹਨਤ ਕਰਨੀ ਪਈ। 1:28 ਤੋਂ 2: 1 ਨੂੰ ਆਪਸ ਵਿਚ ਮਿਲਾਉਣ ਤੇ ਉਨ੍ਹਾਂ ਵਿਚਕਾਰ ਸਬੰਧ ਸਪੱਸ਼ਟ ਹੋ ਜਾਂਦਾ ਹੈ।

**ਜਤਨ** (*agōn*)[1] ਸ਼ਬਦ ਦਾ ਅਰਥ ਬੁਲੰਦ ਹੌਸਲੇ ਅਤੇ ਪੱਕੇ ਇਰਾਦੇ ਨਾਲ ਵਿਖਾਈ ਗਈ ਮਿਹਨਤ ਹੈ। 1:29 ਵਿਚ ''ਮਿਹਨਤ ਕਰਦਾ ਹਾਂ'' ਸ਼ਬਦ ਇਸੇ ਮੂਲ ਸ਼ਬਦ ਤੋਂ ਲਿਆ ਗਿਆ ਹੈ, ਜਿਸ ਨੂੰ ਕਈ ਵਾਰ ਇਸ ਥਾਂ ਵਿਚ ਮੁਕਾਬਲਾ ਕਰਨ ਵਾਲਿਆਂ ਵੱਲੋਂ ਕੀਤੀ ਜਾਣ ਵਾਲੀ ਕੋਸ਼ਿਸ਼ ਨਾਲ ਜੋੜਿਆ ਜਾਂਦਾ ਹੈ। ਇਹ ਇਸ ਗੱਲ ਨੂੰ ਵਿਖਾਉਂਦਾ ਹੈ ਕਿ ਪੌਲੁਸ ਕਿੰਨੇ ਜਤਨ ਨਾਲ ਆਪਣੇ ਮਸੀਹੀ ਭਾਈਆਂ ਦੀ ਰੂਹਾਨੀ ਭਲਿਆਈ ਚਾਹੁੰਦਾ ਸੀ।

**''ਮੈਂ ਤੁਹਾਡੇ ਅਤੇ ਉਨ੍ਹਾਂ ਦੇ ਲਈ ਜਿਹੜੇ ਲਾਉਦੀਕੀਆ ਵਿਚ ਹਨ'' (2: 1)**

ਪੌਲੁਸ ਦੇ ਖ਼ਤਾਂ ਵਿਚ ਡੂੰਘੇ ਜਜ਼ਬਾਤ ਜ਼ਾਹਿਰ ਕੀਤੇ ਗਏ ਹਨ।[2] ਪੌਲੁਸ ਨੂੰ ਦੂਜਿਆਂ ਨਾਲ ਬੇਦਰਦ, ਬੇਅਹਿਸਾਸਾ ਅਤੇ ਉਦਾਸੀਨ ਹੋਣ ਦੀ ਕਲਪਨਾ ਕਰਨ ਵਾਲੇ ਪੌਲੁਸ ਦੇ ਦਿਆਲਤਾ ਵਾਲੇ ਪਹਿਲੂ ਨੂੰ ਗਲਤ ਸਮਝਦੇ ਸਨ। ਇਸੇ ਤਰ੍ਹਾਂ ਉਹ ਮਸੀਹੀ ਜੋ ਪੌਲੁਸ ਨੂੰ ਕਦੇ ਮਿਲੇ ਨਹੀਂ ਸਨ ਹੋ ਸਕਦਾ ਹੈ ਕਿ ਉਨ੍ਹਾਂ ਨੂੰ ਦੂਜਿਆਂ ਦੇ ਪ੍ਰਤੀ ਉਹਦੀ ਡੂੰਘੀ ਭਾਵਨਾ ਅਤੇ ਉਨ੍ਹਾਂ ਦੀ ਰੂਹਾਨੀ ਭਾਵਨਾ

ਦੀ ਸਮਝ ਨਾ ਹੋਵੇ। ਉਸ ਨੇ ਆਪਣੀ ਦਿਲਚਸਪੀ ਦੀ ਗੰਭੀਰਤਾ ਨੂੰ ਉਨ੍ਹਾਂ ਨੂੰ ਵਿਖਾਉਣ ਦੇ ਲਈ ਆਪਣਾ ਇਹ ਪੱਖ ਰੱਖਿਆ।

ਆਪਣੇ ਕੰਮ ਦੇ ਪ੍ਰਤੀ ਪੌਲੁਸ ਦਾ ਕੀ ਰਵੱਈਆ ਸੀ? ਉਸ ਦਾ ਮਿਸ਼ਨ ਹਰ ਕਿਸੇ ਤਕ ਜਿੱਥੇ ਵੀ ਉਹ ਪਹੁੰਚ ਸਕੇ ਪਹੁੰਚਣਾ ਸੀ (ਰੋਮੀਆਂ 1:14, 15), ਇੱਥੋਂ ਤਕ ਕਿ ਉਨ੍ਹਾਂ ਲੋਕਾਂ ਤਕ ਵੀ ਜਿਨ੍ਹਾਂ ਨੂੰ ਉਹ ਮਿਲ ਤਾਂ ਨਹੀਂ ਸਕਿਆ ਪਰ ਆਪਣੇ ਖ਼ਤਾਂ ਦੇ ਰਾਹੀਂ ਸਮਝਾ ਸਕਦਾ ਸੀ। ਉਸ ਨੇ ਲਿਖਿਆ, ''ਇਹ ਤਾਂ ਮੇਰੇ ਲਈ ਅਵੱਸ਼ ਹੈ। ਅਫ਼ਸੋਸ ਹੈ ਮੇਰੇ ਉੱਤੇ ਜੋ ਮੈਂ ਖੁਸ਼ ਖਬਰੀ ਨਾ ਸੁਣਾਵਾਂ'' (1 ਕੁਰਿੰਥੀਆਂ 9:16)।

ਪੌਲੁਸ ਨੂੰ **ਲਾਉਦੀਕੀਆ** ਦੀ ਕਲੀਸੀਆ ਦੀ ਚਿੰਤਾ ਸੀ,[3] ਜਿਹੜਾ ਕੁਲੁੱਸੇ ਦੇ ਪੱਛਮ ਵੱਲ ਨੂੰ ਬਾਰਾਂ ਕੁ ਮੀਲ ਹੈ। ਕਈ ਸਾਲ ਬਾਅਦ ਇਸ ਕਲੀਸੀਆ ਨੂੰ ਨਾ ਠੰਡੀ ਅਤੇ ਨਾ ਗਰਮ ਕਲੀਸੀਆ ਦੱਸਿਆ ਗਿਆ ਜੋ ਸੰਸਾਰਿਕ ਦੌਲਤ ਵਿਚ ਤਾਂ ਅਮੀਰ ਹੈ ਪਰ ਰੂਹਾਨੀ ਤੌਰ ਤੇ ਗਰੀਬ ਸੀ (ਪ੍ਰਕਾਸ਼ ਦੀ ਪੋਥੀ 3:14–22)। ਉਨ੍ਹਾਂ ਦੀ ਹਾਲਤ ਅਜਿਹੀ ਸੀ ਕਿ ਦੂਜੇ ਅਰਥ ਵਿਚ ਕਹੀਏ ਤਾਂ ਯਿਸੂ ਉਨ੍ਹਾਂ ਨੂੰ ਆਪਣੇ ਮੂੰਹ ਵਿੱਚੋਂ ਕੱਢਣ ਨੂੰ ਸੀ।

### **''ਅਤੇ ਉਨ੍ਹਾਂ ਸਭਨਾਂ ਦੇ ਲਈ ਜਿਨ੍ਹਾਂ ਮੇਰਾ ਮੂੰਹ ਨਹੀਂ ਡਿੱਠਾ''** (2:1)

ਪੌਲੁਸ ਦੇ ਕਹਿਣ ਦਾ ਅਰਥ ਇਹ ਨਹੀਂ ਸੀ ਕਿ ਕੁਲੁੱਸੇ ਦੇ ਮਸੀਹੀ ਲੋਕਾਂ ਵਿਚ ਕਿਸੇ ਨੇ ਉਸ ਨੂੰ ਵੇਖਿਆ ਨਹੀਂ ਸੀ। ਉਹ ਤਿੰਨ ਧੜਿਆਂ ਨਾਲ ਗੱਲ ਕਰ ਰਿਹਾ ਸੀ। ਉਹ ਨੇ ਕਿਹਾ ਕਿ ਉਹ ''ਤੁਹਾਡੇ ਲਈ'' ਬੜੀ ਮਿਹਨਤ ਕੀਤੀ ਭਾਵ ਕੁਲੁੱਸੇ ਦੇ ਮਸੀਹੀ ਲੋਕਾਂ ਲਈ; ਜਿਹੜੇ ਲਾਉਦੀਕੀਆ ਵਿਚ ਹਨ, ਉਨ੍ਹਾਂ ਲਈ; ਅਤੇ ਉਨ੍ਹਾਂ ਸਭਨਾਂ ਲਈ ਜਿਨ੍ਹਾਂ ਨੇ ''[ਉਸ ਦਾ] ਮੂੰਹ ਨਹੀਂ ਡਿੱਠਾ'' ਸੀ। ਤੀਜੇ ਸਮੂਹ ਵਿਚ ਹੋਰ ਸਾਰਿਆਂ ਲੋਕਾਂ ਨਾਲ ਜਿਹੜੇ ਪੌਲੁਸ ਨੂੰ ਮਿਲੇ ਨਹੀਂ ਸਨ, ਪਹਿਲੇ ਦੋ ਸਮੂਹਾਂ ਦੇ ਲੋਕ ਸ਼ਾਮਿਲ ਹੋ ਸਕਦੇ ਹਨ। ਜੇ ਅਜਿਹਾ ਹੈ ਤਾਂ ਫਿਲਿੱਪੁਸ ਨਾ ਦੀ ਤਰਾਈ ਵਿਚ ਕੁਝ ਲੋਕਾਂ ਨੇ ਉਸ ਨੂੰ ਵੇਖਿਆ ਸੀ, ਜਦਕਿ ਜ਼ਿਆਦਾਤਰ ਨੇ ਨਹੀਂ ਵੇਖਿਆ ਸੀ।

**ਮੇਰਾ** ਦਾ ਅਨੁਵਾਦ ਯੂਨਾਨੀ ਵਾਕਾਂਸ਼ *mou en sarki* (ਮੂਲ ਵਿਚ ''ਮੇਰੇ ਸਰੀਰ ਵਿਚ'') ਕੀਤਾ ਗਿਆ ਹੈ ਜਿਸ ਦਾ ਅਰਥ ਜਿਨ੍ਹਾਂ ਨੇ ''ਸਰੀਰ ਵਿਚ'' ਉਸ ਦਾ **ਮੂੰਹ** ਨਹੀਂ **ਡਿੱਠਾ** ਸੀ। ਉਹ ਉਨ੍ਹਾਂ ਵਿਚ ਜਿਨ੍ਹਾਂ ਨੇ ਉਸ ਨੂੰ ਸਿਰਫ਼ ਸੁਣਿਆ ਸੀ ਅਤੇ ਜਿਹੜੇ ਸਚਮੁਚ ਉਸ ਨੂੰ ਮਿਲੇ ਸਨ, ਫ਼ਰਕ ਕਰ ਰਿਹਾ ਸੀ।

### **''ਤਾਂ ਜੋ ਉਨ੍ਹਾਂ ਦੇ ਦਿਲਾਂ ਨੂੰ ਤਸੱਲੀ''** (2:2)

ਪੌਲੁਸ ਦਾ ਵੱਡਾ ਯਤਨ ਦੂਜਿਆਂ ਨੂੰ ਰੂਹਾਨੀ ਤੌਰ ਤੇ ਉੱਚਾ ਚੁੱਕਣ ਲਈ ਸੀ। ਉਸ ਦੀ ਚਿੰਤਾ ਉਨ੍ਹਾਂ ਦੀ ਸਰੀਰਕ ਭਲਾਈ ਨਾਲੋਂ ਉਨ੍ਹਾਂ ਦੇ ਮਨਾਂ ਦੀ ਹਾਲਤ ਸੀ। **ਦਿਲਾਂ** (*kardiai*) ਦੀ ਵਰਤੋਂ ਬਾਈਬਲ ਵਿਚ ਮਨੁੱਖ ਦੇ ਅੰਦਰਲੇ ਜੀਉਣ ਦੇ ਕੇਂਦਰ ਲਈ ਕੀਤੀ ਗਈ ਹੈ। ਬਾਈਬਲ ਵਿਚ ਸਿਰਫ਼ ਇਕ ਥਾਂ ਇਸ ਸ਼ਬਦ ਦਾ ਅਰਥ ਉਹ ਦਿਲ ਹੈ ਜਿਹੜਾ ਲਹੂ ਨੂੰ ਪੰਪ ਕਰਦਾ ਹੈ (2 ਸਮੂਏਲ 18:14; LXX)। ਮਨੁੱਖ ਦੇ ਮਨ ਦੀ ਗੱਲ ਕਰਨ ਦੇ ਇਲਾਵਾ ਇਸ ਦਾ ਅਰਥ ਸਰੀਰਕ ਕੇਂਦਰ ਵੀ ਹੋ ਸਕਦਾ ਹੈ, ਜਿਵੇਂ ''ਧਰਤੀ ਦੇ ਅੰਦਰ'' (ਮੱਤੀ 12:40)।

ਨਵੇਂ ਨੇਮ ਵਿਚ ਮਨੁੱਖੀ ''ਮਨ'' ਦੀ ਗੱਲ ਕਰਦੇ ਹੋਏ *kardia* ਦੀ ਵਰਤੋਂ ਦਿਮਾਗ਼ੀ, ਮਾਨਸਿਕ, ਅਤੇ ਰੂਹਾਨੀ ਕੇਂਦਰ ਜਿਸ ਵਿਚ ਕੋਈ ਵਿਚਾਰ ਕਰਦਾ ਹੈ (ਮੱਤੀ 9:4), ਸਮਝਦਾ ਹੈ (ਮੱਤੀ 13:15), ਤਰਕ ਕਰਦਾ ਹੈ (ਮਰਕੁਸ 2:6), ਭਰਮ ਕਰਦਾ ਹੈ (ਮਰਕੁਸ 11:23), ਕਲਪਨਾ ਕਰਦਾ ਹੈ (ਲੂਕਾ 1:51), ਧਿਆਨ ਕਰਦਾ ਹੈ (ਲੂਕਾ 2:19), ਅਚੰਭਾ ਕਰਦਾ ਹੈ (ਲੂਕਾ 3:15),

ਕਾਮਨਾ ਕਰਦਾ ਹੈ (ਰੋਮੀਆਂ 1:24), ਨਿਹਚਾ ਕਰਦਾ ਹੈ (ਰੋਮੀਆਂ 10:10), ਠੱਗਦਾ ਹੈ (ਰੋਮੀਆਂ 16:18), ਅਤੇ ਦੋਸ਼ ਲਗਾਉਂਦਾ ਹੈ (1 ਯੂਹੰਨਾ 3:21) ਲਈ ਵਰਤਿਆ ਗਿਆ ਹੈ। ਇਸ ਵਿਚ ਆਦਮੀ ਦੇ ਉਸ ਭਾਗ ਦੀ ਗੱਲ ਕਰਦਿਆ ਜੋ ਪਿਆਰ ਕਰਦਾ ਹੈ (ਮੱਤੀ 22:37), ਉਦਾਸ ਹੁੰਦਾ ਹੈ (ਮਰਕੁਸ 3:5), ਘਬਰਾਉਂਦਾ ਹੈ (ਯੂਹੰਨਾ 14:1), ਗ਼ਮ ਕਰਦਾ ਹੈ (ਯੂਹੰਨਾ 16:6), ਅੰਨਦ ਕਰਦਾ ਹੈ (ਰਸੂਲਾਂ ਦੇ ਕੰਮ 2:26), ਦੁਖੀ ਹੁੰਦਾ ਹੈ (2 ਕੁਰਿੰਥੀਆਂ 2:4), ਅਤੇ ਤਸੱਲੀ ਦਿੰਦਾ ਹੈ (ਕੁਲੁੱਸੀਆਂ 4:8) ਭਾਵਨਾਵਾਂ ਹੋ ਸਕਦੀਆਂ ਹਨ। ਇਸ ਵਿਚ ਇੱਛਿਆ, ਤਕੜਾਈ (ਰਸੂਲਾਂ ਦੇ ਕੰਮ 11:23) ਅਤੇ ਇਰਾਦਾ (ਇਬਰਾਨੀਆਂ 4:12) ਸਭ ਮਿਲਦੇ ਹਨ।

ਪੌਲੁਸ ਨੇ ਇਨ੍ਹਾਂ ਮਸੀਹੀ ਲੋਕਾਂ ਦੀਆਂ ਜ਼ਿੰਦਗੀਆਂ ਦੇ ਰੂਹਾਨੀ ਜੀਵਨ ਦੇ ਕੇਂਦਰ ਭਾਵ ਉਨ੍ਹਾਂ ਦੇ ਮਨਾਂ ਨੂੰ ਮਜ਼ਬੂਤ ਕਰਨ ਦੀ ਇੱਛਾ ਕੀਤੀ। ਸਰੀਰਕ ਗੁਣ ਅਹਿਮ ਹਨ, ਪਰ ਓਨੇ ਨਹੀਂ ਜਿਨ੍ਹਾਂ ਅੰਦਰਲਾ ਮਨੁੱਖ ਭਾਵ ''ਗੁਪਤ ਇਨਸਾਨੀਅਤ'' (1 ਪਤਰਸ 3:4)। ਖ਼ੁਦਾ ਬਾਹਰਲੇ ਰੂਪ ਨਾਲੋਂ ਮਨ ਨੂੰ ਵੇਖਦਾ ਹੈ।[4] ਸੁਲੇਮਾਨ ਦੀ ਸਿੱਖਿਆ ਅਹਿਮ ਹੈ: ''ਆਪਣੇ ਮਨ ਦੀ ਵੱਡੀ ਚੌਕਸੀ ਕਰ, ਕਿਉਂ ਜੋ ਜੀਉਣ ਦੀਆਂ ਧਾਰਾਂ ਓਸੇ ਤੋਂ ਨਿੱਕਲਦੀਆਂ ਹਨ'' (ਕਹਾਉਤਾਂ 4:23)। ਮਨੁੱਖ ਕੇਵਲ ਰੋਟੀ ਨਾਲ ਹੀ ਜੀਉਂਦਾ ਨਹੀਂ ਹੈ ਭਾਵ ਸਰੀਰਕ ਜੀਵਨ ਲਈ ਹੀ ਜ਼ਰੂਰੀ ਨਹੀਂ ਹੈ, ਬਲਕਿ ਖ਼ੁਦਾ ਦੇ ਵਚਨ ਤੋਂ ਭਾਵ ਮਨ ਦੇ ਰੂਹਾਨੀ ਭੋਜਨ ਨਾਲ ਵੀ ਜੀਉਂਦਾ ਰਹਿੰਦਾ ਹੈ (ਮੱਤੀ 4:4)।

**''ਪ੍ਰੇਮ ਵਿਚ ਗੁੰਦੇ ਰਹਿਣ''** (2:2)

ਅਨੁਵਾਦ ਹੋਇਆ ਸ਼ਬਦ ਦਾ ਮੂਲ **ਗੁੰਦੇ ਰਹਿਣ** (*sumbibazō*) ਵਿਚ ਕਿਸੇ ਗੱਲ ਨੂੰ ਸਾਬਿਤ ਕਰਨ ਲਈ ਵਿਚਾਰ (ਰਸੂਲਾਂ ਦੇ ਕੰਮ 9:22), ਪੱਕਾ ਜਾਣਨ (ਰਸੂਲਾਂ ਦੇ ਕੰਮ 16:10), ਸਮਝਾਉਣ (1 ਕੁਰਿੰਥੀਆਂ 2:16), ਜਾਂ ਲੋਕਾਂ ਨੂੰ ਇਕ ਕਰਨ (ਅਫ਼ਸੀਆਂ 4:16; ਕੁਲੁੱਸੀਆਂ 2:2, 19) ਦੇ ਰੂਪ ਵਿਚ ''ਇਕ ਕਰਨ'' ਦੀ ਧਾਰਣਾ ਮਿਲਦੀ ਹੈ। ਕੁਲੁੱਸੀਆਂ ਵਿਚ ਇਹ ਪੰਜਾਂ ਵਿੱਚੋਂ ਚੌਥੀ ਵਾਰ ਹੈ, ਜਿੱਥੇ ਪੌਲੁਸ ਨੇ *agape* (ਵੇਖੋ 1:4, 8, 13 [''ਪਿਆਰਾ'']; 3:14) ਦੀ ਗੱਲ ਕੀਤੀ।

ਦਾਊਦ ਲਈ ਯੋਨਾਥਾਨ ਦਾ ਪਿਆਰ ਲੋਕਾਂ ਨੂੰ ਆਪਣੇ ਵਿਚ ਗੁੰਦੇ ਰਹਿਣ ਦੀ ਮਿਸਾਲ ਹੈ (1 ਸਮੂਏਲ 18:1)। ਮਸੀਹੀ ਲੋਕਾਂ ਲਈ ਇਕ ਦੂਜੇ ਲਈ ਓਸੇ ਤਰ੍ਹਾਂ ਨਜ਼ਦੀਕੀ ਅਤੇ ਲਗਾਅ ਹੋਣਾ ਜ਼ਰੂਰੀ ਹੈ, ਜਿਹੋ ਜਿਹੀ ਯੋਨਾਥਾਨ ਅਤੇ ਦਾਊਦ ਵਿਚ ਸੀ। ਏਕਤਾ ਪੱਕੇ ਪ੍ਰੇਮ ਅਤੇ ਪੱਕੇ ਭਰੋਸੇ ਨਾਲ ਹੀ ਹੁੰਦੀ ਹੈ।

ਯਿਸੂ ਨੇ ਸਮਝਾਇਆ ਕਿ ਇਕ ਹੀ ਇੱਜੜ ਅਤੇ ਇਕ ਹੀ ਅਯਾਲੀ ਹੋਣਾ ਸੀ (ਯੂਹੰਨਾ 10:16)। ਉਸ ਨੇ ਸਭ ਨਿਹਚਾਵਾਨਾਂ ਦੀ ਏਕਤਾ ਦੇ ਲਈ ਦੁਆ ਕੀਤੀ (ਯੂਹੰਨਾ 17:20, 21)। ਪੌਲੁਸ ਨੇ ਮਸੀਹੀ ਲੋਕਾਂ ਨੂੰ ਸਮਝਾਇਆ ਕਿ ਉਨ੍ਹਾਂ ਵਿਚ ਫੁੱਟ ਨਾ ਪਵੇ (1 ਕੁਰਿੰਥੀਆਂ 1:10), ਬਲਕਿ ਅਧੀਨਗੀ, ਨਰਮਾਈ ਅਤੇ ਧੀਰਜ ਸਹਿਤ ਪ੍ਰੇਮ ਨਾਲ ਇਕ ਦੂਜੇ ਦੀ ਸਹਿ ਲਵੋ (ਅਫ਼ਸੀਆਂ 4:1–3)। ਖ਼ੁਦਾ ਨੇ ਇਸ ਤੱਥ ਦੇ ਅਧਾਰ ਤੇ ਏਕਤਾ ਨੂੰ ਜ਼ਰੂਰੀ ਬਣਾਇਆ ਹੈ ਕਿ ''ਇੱਕੋ ਦੇਹੀ ਅਤੇ ਇੱਕੋ ਆਤਮਾ ਹੈ ਜਿਵੇਂ ਤੁਸੀਂ ਵੀ ਆਪਣੇ ਸੱਦੇ ਦੀ ਇੱਕੋ ਆਸ ਵਿਚ ਸੱਦੇ ਗਏ। ਇੱਕੋ ਪ੍ਰਭੂ, ਇੱਕੋ ਨਿਹਚਾ, ਇੱਕੋ ਬਪਤਿਸਮਾ ਹੈ, ਇੱਕੋ ਪਰਮੇਸ਼ੁਰ ਹੈ'' (ਅਫ਼ਸੀਆਂ 4:4–6)। ਏਕਤਾ ਮਸੀਹ ਦੇ ਪਿੱਛੇ ਚੱਲਣ ਨਾਲ ਆਉਂਦੀ ਹੈ ਨਾ ਕਿ ਮਨੁੱਖ ਦੀਆਂ ਰੀਤਾਂ ਅਤੇ ਸੰਸਾਰ ਦੀ ਆਦਿ ਸਿੱਖਿਆ ਨੂੰ ਮੰਨਣ ਨਾਲ (ਕੁਲੁੱਸੀਆਂ 2:8)। ਮਸੀਹੀ ਲੋਕਾਂ ਨੂੰ ਉਸ ਦੇ ਪੂਰੇ ਡੀਲ ਡੌਲ ਵਿਚ ਵਧਣ ਨਾਲ ਆਪਸ ਵਿਚ ਗੁੰਦੇ ਰਹਿਣਾ ਜ਼ਰੂਰੀ ਹੈ (ਅਫ਼ਸੀਆਂ 4:13)।

ਸਭ ਨਿਹਚਾਵਾਨਾਂ ਦੀ ਏਕਤਾ ਹਰ ਮਸੀਹੀ ਦਾ ਟੀਚਾ ਹੋਣਾ ਚਾਹੀਦਾ ਹੈ। ਸਾਨੂੰ ਸੰਸਾਰ ਦੇ ਲੋਕਾਂ ਨਾਲ ਜੋ ਉਨ੍ਹਾਂ ਦੀਆਂ ਰੀਤਾਂ, ਸੁਭਾਅ, ਅਤੇ ਹਰਾਮਕਾਰੀ ਵਿਚ ਲੱਗੇ ਹਨ ਜਿਹੜੀ ਮਸੀਹ ਵੱਲੋਂ

ਨਹੀਂ ਹੈ, ਏਕਤਾ ਦੀ ਚਾਹ ਨਹੀਂ ਕਰਨੀ ਚਾਹੀਦੀ (ਰੋਮੀਆਂ 16:17; 2 ਕੁਰਿੰਥੀਆਂ 6:14–17)।

**''ਓਹ ਸਮਝ ਦੀ ਪੂਰੀ ਨਿਹਚਾ ਦੇ ਸਾਰੇ ਧਨ ਨੂੰ ਪਰਾਪਤ ਹੋ ਜਾਣ''** (2:2)

ਪੌਲੁਸ ਦੇ ਅਨੁਸਾਰ ਸੱਚਾ **ਧਨ** ਪੈਸਾ ਜਾਂ ਸੰਸਾਰਿਕ ਕੀਮਤ ਦੀ ਵਸਤੂ ਵਿਚ ਨਹੀਂ ਮਿਲਦਾ ਹੈ। 1:27 ਵਿਚ ਵੀ ਜਿਸ ''ਧਨ'' (*ploutos*) ਦਾ ਜ਼ਿਕਰ ਹੈ **ਉਹ ਸਮਝ** (*sunesis*) ਵਿਚ ਮਿਲਦਾ ਹੈ। ਪੌਲੁਸ ਨੇ ਦੁਆ ਕੀਤੀ ਕਿ ਖ਼ੁਦਾ ਕੁਲੁੱਸੀਆਂ ਨੂੰ ਸਮਝ ਦਵੇ ਕਿ ਖ਼ੁਦਾ ਦਾ ਉਨ੍ਹਾਂ ਦਾ ਗਿਆਨ ਵਧੇ (1:9, 10)। ਸੰਸਾਰਿਕ ਧਨ ਦੀ ਥਾਂ ਮਸੀਹੀ ਲੋਕਾਂ ਨੂੰ ਸੁਰਗੀ ਧਨ, ਰੂਹਾਨੀ ਖ਼ਜ਼ਾਨਾ ਅਤੇ ਅਬਦੀ ਬਰਕਤਾਂ ਦੀ ਚਾਹ ਕਰਨੀ ਚਾਹੀਦੀ ਹੈ (ਮੱਤੀ 6:20; 1 ਤਿਮੋਥਿਉਸ 6:19)।

ਅਗਿਆਨਤਾ ਨਾਲ ਸੁਰੱਖਿਆ ਨਹੀਂ ਮਿਲ ਸਕਦੀ, ਪਰ ਸਮਝ ਨਾਲ ਆਤਮ ਵਿਸ਼ਵਾਸ ਮਿਲ ਸਕਦਾ ਹੈ। ਖ਼ੁਦਾ ਦਾ ਪਰਗਟ ਵਚਨ ਉਸ ਦੀਆਂ ਯੋਜਨਾਵਾਂ ਅਤੇ ਉਦੇਸ਼ਾਂ ਦੀ ਡੂੰਘੀ ਸਮਝ ਦਿੰਦਾ ਹੈ। ਉਸ ਦੇ ਵਚਨ ਦੀ ਜਾਣਕਾਰੀ ਦਾ ਭਰੋਸਾ ਦਿੰਦੀ ਹੈ ਕਿ ਮਸੀਹੀ ਜੀਵਨ ਵਿਚ ''ਹੁਣ ਦਾ ਅਤੇ ਆਉਣ ਵਾਲੇ ਜੀਵਨ ਦਾ ਵਾਇਦਾ ਉਹ ਦੇ ਨਾਲ ਹੈ'' (1 ਤਿਮੋਥਿਉਸ 4:8)। ਮਸੀਹੀ ਲੋਕ ਮਸੀਹ ਵਿਚ ਨਿਹਚਾ ਦੀ ਕੀਮਤ ਤੇ ਯਕੀਨ ਕਰ ਸਕਦੇ ਹਨ। ਯਿਸੂ ਦੀ ਸਿੱਖਿਆ ਵਿਚ ਮਿਲਣ ਵਾਲੇ ਖਜ਼ਾਨੇ ਸਾਨੂੰ ਪ੍ਰੇਮ ਦੇ ਰਾਹੀਂ ਆਪਸ ਵਿਚ ਜੋੜ ਸਕਦੇ ਹਨ ਅਤੇ ਸਾਨੂੰ ਖ਼ੁਦਾ ਦੇ ਧਨ ਨੂੰ ਸਮਝਣ ਵਿਚ ਮਦਦ ਕਰ ਸਕਦੇ ਹਨ।

ਇਸ ਦੇ ਇਲਾਵਾ ''ਅਗਿਆਨਤਾ'' ਦੇ ਹਨੇਰੇ ਵਿਚ ਰਹਿਣ ਵਾਲੇ ਲੋਕ ਅਣਬਚਾਏ ਹੋਏ ਰਹਿੰਦੇ ਹਨ (ਰੋਮੀਆਂ 10:1–3)। ਉਹ ਖ਼ੁਦਾ ਦੇ ਜੀਵਨ ਵਿੱਚੋਂ ਕੱਢੇ ਹੋਏ ਹਨ (ਅਫ਼ਸੀਆਂ 4:17, 18)। ਖ਼ੁਦਾ ਦੇ ਨਾਲ ਮਨੁੱਖ ਦੇ ਸਬੰਧ ਵਿਚ ਸਮਝ ਇਕ ਜ਼ਰੂਰੀ ਤੱਤ ਹੈ।

**''ਅਤੇ ਪਰਮੇਸ਼ੁਰ ਦੇ ਭੇਤ ਨੂੰ ਜਾਣ ਲੈਣ ਅਰਥਾਤ ਮਸੀਹ ਨੂੰ''** (2:2)

ਮਸੀਹੀ ਲੋਕਾਂ ਨੂੰ ਸਮਝ ਦੇ ਇਕ ਪੱਧਰ ਦੀ ਲੋੜ ਹੈ। ਯਿਸੂ ਅਤੇ ਉਸ ਵੱਲੋਂ ਪੇਸ਼ਕਸ਼ ਕੀਤੀ ਜਾਣ ਵਾਲੀ ਮੁਕਤੀ ਦੇ ਭੇਤ ਨੂੰ **ਜਾਣ ਲੈਣਾ** ਖ਼ੁਦਾ ਦੇ ਮੁਕਾਸ਼ਫ਼ੇ ਦੀ ਸਮਝ ਨਾਲ ਹੀ ਹੁੰਦਾ ਹੈ। **ਪਰਮੇਸ਼ੁਰ ਦੇ ਭੇਤ ਅਰਥਾਤ ਮਸੀਹ** ਵਾਕ ਅੰਸ਼ ਇਕ ਯੂਨਾਨੀ ਧਰਮ ਸ਼ਾਸਤਰ ਵਿਚ ਕਈ ਸੰਸਕਰਣ ਦੇ ਬਦਲਵੇਂ ਰੂਪ ਹਨ ਅਤੇ ਉਨ੍ਹਾਂ ਦੀ ਵਿਆਖਿਆ ਵੱਖੋ ਵੱਖ ਢੰਗਾਂ ਨਾਲ ਹੋ ਸਕਦੀ ਹੈ।

> ਯੂਨਾਨੀ ਧਰਮ ਸ਼ਾਸਤਰ ਦੀ ਗੱਲ ਨੂੰ ਚਾਰ ਵੱਖੋ ਵੱਖ ਢੰਗਾਂ ਨਾਲ ਸਮਝਾਇਆ ਜਾ ਸਕਦਾ ਹੈ: (1) ''ਪਰਮੇਸ਼ੁਰ ਦਾ ਭੇਤ ਅਰਥਾਤ ਮਸੀਹ'' ਜਿਸ ਵਿਚ ''ਮਸੀਹ'' ''ਪਰਮੇਸ਼ੁਰ'' ਦੀ ਛਾਪ ਹੈ, (2) ''ਮਸੀਹ ਦੇ ਪਰਮੇਸ਼ੁਰ ਦਾ ਭੇਤ,'' ਪਰ ''ਮਸੀਹ'' ਤੋਂ ਪਹਿਲਾਂ ਨਿਸ਼ਚਤ ਉਪਪਦ ਦਾ ਨਾ ਹੋਣਾ ਇਸ ਨੂੰ ਬਿਲਕੁਲ ਨਾਮੁਮਕਿਨ ਬਣਾ ਦਿੰਦਾ , (3) ''ਪਰਮੇਸ਼ੁਰ ਮਸੀਹ ਦਾ ਭੇਤ'' (ਜਾਂ ''ਇਲਾਹੀ ਮਸੀਹ''), ਜਿਹਦੇ ਲਈ *[ਨਵੇਂ ਨੇਮ]* ਵਿਚ ਕੋਈ ਬਰਾਬਰੀ ਨਹੀਂ ਹੈ, ਅਤੇ (4) ''ਪਰਮੇਸ਼ੁਰ ਦਾ ਭੇਤ ਜੋ ਕਿ ਮਸੀਹ ਹੈ,'' ਜਿਸ ਵਿਚ ''ਮਸੀਹ,'' ''ਪਰਮੇਸ਼ੁਰ ਦਾ ਭੇਤ'' ਵਾਕ ਅੰਸ਼ ਦੀ ਪੂਰੀ ਛਾਪ ਹੈ। ਇਸ ਅਖ਼ੀਰਲੇ ਅਰਥ ਨੂੰ ਜ਼ਿਆਦਾਤਰ ਟੀਕਾਕਾਰਾਂ ਅਤੇ ਅਨੁਵਾਦਕਾਂ ਵੱਲੋਂ ਮੰਨਿਆ ਜਾਂਦਾ ਹੈ।[5]

ਐਚ. ਸੀ. ਜੀ. ਮਾਊਲ ਅਤੇ ਕਈ ਹੋਰ ਲੋਕ ਇਸ ਨਿਚੋੜ ਨਾਲ ਸਹਿਮਤ ਹਨ। ਕਈ ਸੰਭਾਵਨਾਵਾਂ ਤੇ ਚਰਚਾ ਕਰਨ ਤੋਂ ਬਾਅਦ ਮਾਊਲ ਨੇ ਕਿਹਾ, ''ਤਾਂ ਅਸੀਂ ਇਸ ਦਾ ਅਨੁਵਾਦ ਕਰਦੇ ਹਾਂ, 'ਪਰਮੇਸ਼ੁਰ ਦਾ ਭੇਤ, ਜੋ ਕਿ ਮਸੀਹ ਹੈ।' ''[6] ਯਿਸੂ, ਜਿਵੇਂ ਕਿ ਉਸ ਦੇ ਜੀਵਨ ਅਤੇ ਸਿੱਖਿਆ ਤੋਂ ਨਜ਼ਰ ਆਉਂਦਾ ਹੈ, ਉਸ ਭੇਤ ਦਾ ਮੁਕਾਸ਼ਫ਼ਾ ਹੈ ਜਿਹੜਾ ਪਿਛਲੀਆਂ ਪੀੜ੍ਹੀਆਂ ਤੋਂ ਲੁਕਿਆ

ਰਿਹਾ ਹੈ। ਪੁਰਾਣੇ ਨੇਮ ਦੀ ਨਬੂਵਤ ਉਸ ਦੇ ਆਉਣ ਅਤੇ ਉਸ ਦੇ ਕੰਮ ਦੀ ਬਣਤਰ ਦਾ ਸੰਕੇਤ ਦਿੰਦੇ ਹਨ, ਪਰ ਭੇਤ ਦਾ ਪਰਦਾ ਉਦੋਂ ਤਕ ਬਣਿਆ ਰਿਹਾ ਜਦੋਂ ਤਕ ਉਹ ਸੰਸਾਰ ਵਿਚ ਨਹੀਂ ਆਇਆ। ਉਸ ਦੇ ਆਉਣ ਦੇ ਕਾਰਣ ਹੁਣ ਯਿਸੂ ਵਿਚ ਖ਼ੁਦਾ ਦਾ ਸੱਚਾ ਗਿਆਨ ਹੈਃ ''ਕਿਉਂ ਜੋ ਪਰਮੇਸ਼ੁਰ ... ਸਾਡਿਆਂ ਮਨਾਂ ਵਿਚ ਚਮਕਿਆ ਭਈ ਪਰਮੇਸ਼ੁਰ ਦੇ ਤੇਜ ਦਾ ਗਿਆਨ ਮਸੀਹ ਦੇ ਮੁਖ ਵਿਚ ਪਰਕਾਸ਼ ਕਰੇ'' (2 ਕੁਰਿੰਥੀਆਂ 4:6)।

ਇਸ ਖ਼ਤ ਵਿਚ ''ਭੇਤ'' (*mustērion*) ਸ਼ਬਦ ਚਾਰ ਵਾਰ ਆਇਆ ਹੈ (1:26, 27; 2:2; 4:3)। ਇਸ ਦਾ ਅਰਥ ਪੰਜਾਬੀ ਸ਼ਬਦ ਨਾਲੋਂ ਫ਼ਰਕ ਹੈ ਜਿਸ ਦਾ ਆਮ ਤੌਰ ਤੇ ਅਰਥ ਰਹੱਸ ਭਰਿਆ ਅਤੇ ਭੁਲੇਖੇ ਵਿਚ ਦੇਣ ਵਾਲਾ, ਬਲਕਿ ਵਿਆਖਿਆ ਜਾਂ ਸਮਝ ਤੋਂ ਪਰੇ ਹੈ। ਪੌਲੁਸ ਨੇ ਇਸ ਨੂੰ ਇਲਾਹੀ ਭੇਤ ਲਈ ਵਰਤਿਆ ਜਿਸ ਨੂੰ ਸਿਰਫ਼ ਇਲਾਹੀ ਮੁਕਾਸ਼ਫ਼ੇ ਨਾਲ ਹੀ ਸਮਝਿਆ ਜਾ ਸਕਦਾ ਹੈ ਨਾ ਕਿ ਮਨੁੱਖੀ ਸਮਝ ਜਾਂ ਯਤਨ ਦੇ ਨਾਲ।

ਯੂਨਾਨੀ ਅਤੇ ਰੋਮੀ ਸੱਭਿਆਚਾਰ ਵਿਚ ''ਭੇਤ'' ਸ਼ਬਦ ਕਈ ਰਹੱਸ ਭਰੇ ਧਰਮਾਂ ਲਈ ਵਰਤਿਆ ਜਾਂਦਾ ਸੀ। ਆਪਣੇ ਦੇਵੀ ਦੇਵਤਿਆਂ ਨਾਲ ਜੁੜੀਆਂ ਕਹਾਣੀਆਂ ਤੇ ਅਧਾਰਿਤ ਉਨ੍ਹਾਂ ਦੀਆਂ ਰਸਮਾਂ, ਧਾਰਮਿਕ ਨਾਟਕਾਂ ਵਰਗੀਆਂ ਹੁੰਦੀਆਂ ਹਨ। ਇਨ੍ਹਾਂ ਫ਼ਿਰਕਿਆਂ ਵਿਚ ਗੁੰਝਲਦਾਰ ਪਰਤੀਕ ਹੁੰਦੇ ਹਨ ਜੋ ਉਨ੍ਹਾਂ ਦੇ ਮੈਂਬਰ ਬਣਨ ਦੀ ਚਾਹ ਰੱਖਣ ਵਾਲਿਆਂ ਨੂੰ ਬੜੀ ਸਾਵਧਾਨੀ ਨਾਲ ਸਿਖਾਏ ਜਾਂਦੇ ਸਨ। ਕੁਝ ਮਾਮਲਿਆਂ ਵਿਚ ਮੈਂਬਰ ਬਣਨ ਦੀ ਪਹਿਲ ਕਰਨ ਵਾਸਤੇ ਪ੍ਰਵੇਸ਼ ਪਾਉਣ ਵਾਲਿਆਂ ਲਈ ਦੇਵਤਿਆਂ ਨਾਲ ਦੁੱਖ ਸਹਿਣ, ਮੌਤ ਅਤੇ ਜੀ ਉੱਠਣ ਨੂੰ ਵਿਖਾਏ ਜਾਣ ਨੂੰ ਵੇਖਕੇ, ਦੁੱਖ ਝੱਲਣਾ ਜ਼ਰੂਰੀ ਹੁੰਦਾ ਸੀ। ਬਾਹਰੀ ਮਨੁੱਖ ਲਈ ਇਹ ਬੇਕਾਰ ਹੁੰਦਾ ਸੀ ਪਰ ਪ੍ਰਵੇਸ਼ ਕਰਨ ਵਾਲੇ ਲਈ ਇਹ ਤਜਰਬਾ ਪ੍ਰਭਾਵਸ਼ਾਲੀ ਅਤੇ ਸੁਭਾਅ ਨੂੰ ਬਦਲਣ ਵਰਗਾ ਹੁੰਦਾ ਸੀ।

ਯਿਸੂ ਨੇ ਖ਼ੁਦਾ ਦੇ ਨਬੂਵਤ ਕੀਤੇ ਹੋਏ ਰਾਜ ਦੀ ਪਰਗਟ ਨਾ ਹੋਏ ਸੁਭਾਅ ਦੇ ਸਬੰਧ ਵਿਚ *mustērion* ਸ਼ਬਦ ਦੀ ਵਰਤੋਂ ਕੀਤੀ (ਮੱਤੀ 13:11)। ਮਸੀਹ ਦੇ ਰਾਹੀਂ ਖ਼ੁਦਾ ਦੇ ਯੋਜਨਾਬੱਧ ਕੰਮ ਨੂੰ ਬੀਤੇ ਯੁੱਗਾਂ ਵਿਚ ਗੁਪਤ ਰੱਖਿਆ ਗਿਆ ਸੀ, ਪਰ ਰਸੂਲਾਂ ਅਤੇ ਨਬੀਆਂ ਉੱਤੇ ਆਤਮਾ ਦੇ ਰਾਹੀਂ ਪਰਗਟ ਕਰ ਦਿੱਤਾ ਗਿਆ (ਰੋਮੀਆਂ 16:25; ਅਫ਼ਸੀਆਂ 3:4, 5)। ਹੋਰ ਲੋਕਾਂ ਨਾਲ ਪੌਲੁਸ ਨੂੰ ਇਹ ਮੁਕਾਸ਼ਫ਼ਾ ਮਿਲਿਆ ਸੀ (1 ਕੁਰਿੰਥੀਆਂ 4:1; ਅਫ਼ਸੀਆਂ 1:9; 3:3)।

## ਉਸ ਦਾ ਮੁਕਾਸ਼ਫ਼ਾ: ਮਸੀਹ ਵਿਚ ਸਾਰੀ ਬੁੱਧ ਅਤੇ ਗਿਆਨ (2:3, 4)

**3ਜਿਹ ਦੇ ਵਿਚ ਬੁੱਧ ਅਤੇ ਗਿਆਨ ਦੇ ਸਾਰੇ ਖ਼ਜ਼ਾਨੇ ਗੁਪਤ ਹਨ। 4ਮੈਂ ਇਹ ਆਖਦਾ ਹਾਂ ਭਈ ਕਿਤੇ ਭੋਟਣੀਆਂ ਗੱਲਾਂ ਨਾਲ ਕੋਈ ਤੁਹਾਨੂੰ ਭੁਚਲਾ ਨਾ ਲਵੇ।**

**''ਜਿਹ ਦੇ ਵਿਚ ਬੁੱਧ ਅਤੇ ਗਿਆਨ ਦੇ ਸਾਰੇ ਖ਼ਜ਼ਾਨੇ ਗੁਪਤ ਹਨ''** (2:3)

**ਗੁਪਤ** (*apokruphoi*) ਅੰਗ੍ਰੇਜ਼ੀ ਭਾਸ਼ਾ ਦੇ ਸ਼ਬਦ ''apocrypha'' (ਅਪੋਕ੍ਰਿਫ਼ਾ) ਅਤੇ ''aporcyphal'' (ਅਪੋਕ੍ਰਿਫਲ) ਦਾ ਅਧਾਰ ਹੈ। ਪੌਲੁਸ ਰੂਹਾਨੀ ਖ਼ਜ਼ਾਨੇ ਅਤੇ ਗੁਪਤ ਦੀ ਗੱਲ ਲਿਖ ਰਿਹਾ ਸੀ। ਪੁਰਾਣੇ ਜ਼ਮਾਨੇ ਦੇ ਸੰਸਾਰ ਵਿਚ, ਜਦ ਬੈਂਕ ਨਹੀਂ ਹੁੰਦੇ ਸਨ, ਕੀਮਤੀ ਖ਼ਜ਼ਾਨਿਆਂ ਨੂੰ ਆਮ ਤੌਰ ਤੇ ਜਦ ਤਕ ਲੋੜ ਨਹੀਂ ਪੈਂਦੀ ਸੀ, ਮਹਿਫ਼ੂਜ਼ ਥਾਂ ਤੇ ਲੁਕਾ ਦਿੱਤਾ ਜਾਂਦਾ ਸੀ। ਖ਼ੁਦਾ ਦੇ ਰੂਹਾਨੀ ਧਨ ਨੂੰ ਪਾਉਣ ਲਈ ਖੋਜਣ ਵਾਲੇ ਲਈ ਉੱਥੇ ਭਾਵ ਯਿਸੂ ਮਸੀਹ ਵਿਚ ਤਲਾਸ਼ਣਾ ਜ਼ਰੂਰੀ ਹੈ ਜਿੱਥੇ ਖ਼ੁਦਾ ਦੇ ਖ਼ਜ਼ਾਨੇ ਲੁਕੇ ਹੋਏ ਹਨ।

ਪੌਲੁਸ ਦੇ ਕਹਿਣ ਦਾ ਮਤਲਬ ਇਹ ਨਹੀਂ ਸੀ ਕਿ ਕੁਲੁੱਸੇ ਦੇ ਲੋਕ ਪਰਮੇਸ਼ੁਰ ਦੇ ਭੰਡਾਰ ਵਿੱਚੋਂ

ਯਿਸੂ ਦੀਆਂ ਸਾਰੀਆਂ ਸਿੱਖਿਆਵਾਂ ਨੂੰ ਸਮਝ ਪਾਉਣਗੇ। ਉਨ੍ਹਾਂ ਲਈ ਉਸ ਦੀ ਇੱਛਾ ਇਹ ਸੀ ਕਿ ਉਹ ਸਮਝ ਲੈਣ ਕਿ *ਸਾਰੀ* ''ਬੁੱਧ'' ਅਤੇ **ਗਿਆਨ** (*gnōsis*) ਮਸੀਹ ਵਿਚ ਗੁਪਤ ਹਨ ਅਤੇ ਉਹ ਕਿਤੇ ਹੋਰ ਨਹੀਂ ਮਿਲਦੇ। ਇਸੇ ਲਈ ਕੁਲੁੱਸੀਆਂ ਨੂੰ ਕਿਤੇ ਹੋਰ ਵੇਖਣ ਦੀ ਲੋੜ ਨਹੀਂ ਹੈ, ਭਾਵ ਉਨ੍ਹਾਂ ਨੂੰ ਉਨ੍ਹਾਂ ਸਿੱਖਿਆਵਾਂ ਵੱਲ ਝੁਕਣ ਦੀ ਲੋੜ ਨਹੀਂ ਜੋ ਮਸੀਹ ਤੋਂ ਪਹਿਲਾਂ ਦੀਆਂ ਹੋਣ, ਜਾਂ ਨਵੇਂ ਨੇਮ ਦੇ ਰਸੂਲਾਂ ਜਾਂ ਨਬੀਆਂ ਦੀਆਂ ਸਿੱਖਿਆਵਾਂ ਦੇ ਬਾਅਦ ਬਣੀਆਂ ਹੋਣ। ਯਿਸੂ ਉਹ ਸਭ ਕੁਝ ਹੈ ਜਿਸ ਦੀ ਮਸੀਹੀ ਆਦਮੀ ਨੂੰ ਲੋੜ ਹੈ।

**''ਮੈਂ ਇਹ ਆਖਦਾ ਹਾਂ ਭਈ ਕਿਤੇ ਭੋਟਣੀਆਂ ਗੱਲਾਂ ਨਾਲ ਕੋਈ ਤੁਹਾਨੂੰ ਭੁਚਲਾ ਨਾ ਲਵੇ'' (2:4)**

ਪੌਲੁਸ ਕੁਲੁੱਸੇ ਦੇ ਭਾਈਆਂ ਨੂੰ ਯਕੀਨ ਦੁਆ ਰਿਹਾ ਸੀ ਕਿ ਉਨ੍ਹਾਂ ਨੂੰ ਬੁੱਧ ਅਤੇ ਗਿਆਨ ਕਿਤੇ ਹੋਰ ਲੱਭਣ ਦੀ ਲੋੜ ਨਹੀਂ ਹੈ। ਉਹ ਉਨ੍ਹਾਂ ਨੂੰ ਉਨ੍ਹਾਂ ਵਿਚਾਰਾਂ ਨੂੰ ਮੰਨਣ ਨਹੀਂ ਜਿਹੜੇ ਮਨਭਾਉਂਦੇ ਤਾਂ ਸਨ ਪਰ ਬੇਕਾਰ ਸਨ, ਮਸੀਹ ਦੀ ਪੂਰੀ ਸਚਿਆਈ ਤੋਂ ਪਿੱਛੇ ਨਾ ਹਟਣ ਦੀ ਚਿਤਾਵਨੀ ਵੀ ਦੇ ਰਿਹਾ ਸੀ। ਮਸੀਹੀ ਲੋਕਾਂ ਦੇ ਝੂਠੇ ਗੁਰੂ, ਪ੍ਰਭਾਵਸ਼ਾਲੀ ਬੁਲਾਰਿਆਂ ਅਤੇ ਜਜ਼ਬਾਤੀ ਤੌਰ ਤੇ ਧਿਆਨ ਖਿੱਚਣ ਵਾਲੇ ਕਾਰਜਕਰਮਾਂ ਨਾਲ ਮੋਹਿਤ ਹੋਣ ਦਾ ਖ਼ਤਰਾ ਸੀ। **ਕੋਈ** ਤੁਹਾਨੂੰ ਕਹਿੰਦਿਆਂ ਪੌਲੁਸ ਦੇ ਮਨ ਵਿਚ ਕੋਈ ਖਾਸ ਬੰਦਾ ਨਹੀਂ ਸੀ। ਉਸ ਦੀ ਵਿਆਪਕ ਗੱਲ ਕਿਸੇ ਤੇ ਵੀ ਲਾਗੂ ਹੁੰਦੀ ਹੈ, ਜਿਸ ਦੀ ਸਿੱਖਿਆ ਯਿਸੂ ਵੱਲੋਂ ਦਿੱਤੇ ਗਏ ਸੰਦੇਸ਼ ਦੇ ਉਲਟ ਹੈ। ਪੌਲੁਸ ਨੇ ਕਿਹਾ ਕਿ *ਕੋਈ ਤੁਹਾਨੂੰ* ਜਿਹੜਾ ਕਿਸੇ ਦੂਜੀ ਇੰਜੀਲ ਨੂੰ ਸੁਣਾਏ ਉਹ ਸਰਾਪੀ ਹੋਵੇ, ਭਾਵੇਂ ਉਹ ''ਅਸੀਂ'' ਹੋਈਏ ਭਾਵ ਖ਼ੁਦ ਰਸੂਲ ਹੋਵੇ ਜਾਂ ਸੁਰਗ ਤੋਂ ਕੋਈ ਦੂਤ (ਗਲਾਤੀਆਂ 1:7, 8)।

ਗਲਤ ਸਿੱਖਿਆ ਦੇਣ ਵਾਲੇ ਲੋਕ ਚੰਗੇ ਲੱਗਣ ਵਾਲੇ ਭਾਸ਼ਣਾਂ ਨਾਲ ਆਪਣੀ ਸਿੱਖਿਆ ਨੂੰ ਬਣਾਈ ਰੱਖ ਸਕਦੇ ਹਨ। ਮਸੀਹੀ ਲੋਕ ਆਪਣੀ ਨਿਹਚਾ ਦੇ ਪੱਕੇ ਅਧਾਰ ਤੇ ਹੀ ਨਿਰਭਰ ਹੋ ਸਕਦੇ ਹਨ, ਕਿਉਂਕਿ ਯਿਸੂ ਨੇ ਉਹ ਮਜ਼ਬੂਤ ਸਚਿਆਈ ਪਰਗਟ ਕਰ ਦਿੱਤੀ ਹੈ ਜਿਸ ਤੇ ਅਸੀਂ ਮਕਾਨ ਬਣਾਉਣਾ ਹੈ (ਮੱਤੀ 7:24–27)। ਅਜਿਹੇ ਵਿਹਾਰ ਅਤੇ ਤਰਕ ਜਿਹੜੇ ਲੋਕਾਂ ਦਾ ਧਿਆਨ ਉਨ੍ਹਾਂ ਦੇ ਵੱਲ ਲਾਉਂਦੇ ਹਨ ਜਿਸ ਨੂੰ ਉਹ ਸੁਣਨਾ ਚਾਹੁੰਦੇ ਹਨ (2 ਤਿਮੋਥਿਉਸ 4:3, 4) ਉਲਝਣ ਵਿਚ ਪਾਉਣ ਵਾਲੇ ਹਨ। ਮਸੀਹੀ ਲੋਕਾਂ ਨੂੰ ਪ੍ਰਭਾਵਸ਼ਾਲੀ ਗੁਰੂ ਅਤੇ ਦਿਲਖਿੱਚਵੀਆਂ ਚੀਜ਼ਾਂ ਤੋਂ ਅੱਗੇ ਲੰਘ ਕੇ ਉਸ ਸਾਰ ਨੂੰ ਵੇਖਣਾ ਜ਼ਰੂਰੀ ਹੈ ਜਿਹੜਾ ਦੱਸਿਆ ਜਾ ਰਿਹਾ ਹੈ। ਪੌਲੁਸ ਨੇ ਕੁਰਿੰਥੀਆਂ ਨੂੰ ਲਿਖਿਆ ਕਿ ਉਸ ਨੇ ਮਸੀਹ ਅਤੇ ਉਸ ਦੇ ਸਲੀਬ ਦਿੱਤੇ ਜਾਣ ਦਾ ਹੀ ਪ੍ਰਚਾਰ ਕੀਤਾ ਸੀ ਅਤੇ ਆਪਣੇ ਸੁਣਨ ਵਾਲਿਆਂ ਨੂੰ ਮਨੁੱਖੀ ਬੁੱਧ ਨਾਲ ਰਿਝਾਉਣ ਦੀ ਕੋਸ਼ਿਸ਼ ਨਹੀਂ ਕੀਤੀ (1 ਕੁਰਿੰਥੀਆਂ 2:1, 2; ਵੇਖੋ 1 ਥੱਸਲੁਨੀਕੀਆਂ 2:5)।

ਆਤਮਾ ਦੇ ਰਾਹੀਂ ਉਸ ਨੂੰ ਦਿੱਤੇ ਗਏ ਮੁਕਾਸ਼ਫ਼ੇ ਦਾ ਪ੍ਰਚਾਰ ਅਤੇ ਉਸ ਦਾ ਬਚਾਅ ਕਰਕੇ ਪੌਲੁਸ ਆਪਣੀ ਸੇਵਕਾਈ ਨੂੰ ਪੂਰਾ ਕਰ ਰਿਹਾ ਸੀ। ਯਿਸੂ ਨੇ ਉਸ ਨੂੰ ਰਸੂਲ ਬਣਾ ਕੇ ਅਤੇ ਉਸ ਉੱਤੇ ਇੰਜੀਲ ਨੂੰ ਪਰਗਟ ਕਰਕੇ ਇਸ ਕੰਮ ਦੇ ਯੋਗ ਬਣਾ ਦਿੱਤਾ ਸੀ (ਗਲਾਤੀਆਂ 1:11, 12)। ਪੌਲੁਸ ਨੇ ਕਲੀਸੀਆ ਲਈ ਆਪਣੀ ਜ਼ਿੰਮੇਵਾਰੀ ਨੂੰ ਸਮਝਿਆ (ਕੁਲੁੱਸੀਆਂ 1:25), ਜਿਸ ਨੂੰ ਹੁਣ ਉਹ ਕੁਲੁੱਸੀਆਂ ਅਤੇ ਦੂਜੇ ਲੋਕਾਂ ਦੇ ਲਾਭ ਲਈ ਪੂਰਾ ਕਰ ਰਿਹਾ ਸੀ, ਜਿਨ੍ਹਾਂ ਨੇ ਇਸ ਖ਼ਤ ਨੂੰ ਪੜ੍ਹਨਾ ਸੀ।

2:3–10 ਦੇ ਵਾਕਾਂ ਅਤੇ ਟੀਚਿਆਂ ਲਈ ਕੇਸ ਬਣਿਆ ਰਹੇਗਾ ਜਿਨ੍ਹਾਂ ਨੂੰ ਪੌਲੁਸ ਨੇ ਆਪਣੇ ਖ਼ਤ ਦੇ ਬਾਕੀ ਭਾਗ ਵਿਚ ਦੇਣਾ ਸੀ। ਮਸੀਹੀ ਲੋਕਾਂ ਦੀ ਲੋੜ ਆਪਣੀ ਆਪਣੀ ਸਿੱਖਿਆ ਨਾਲ ਯਿਸੂ ਹੀ ਹੈ। ਅਸੀਂ ਉਨ੍ਹਾਂ ਵੱਖੋ ਵੱਖ ਸਿੱਖਿਆਵਾਂ ਨਾਲ ਭੁਲੇਖੇ ਵਿਚ ਨਾ ਪਈਏ ਜੋ ਮਨਭਾਉਣੀਆਂ ਹੋ ਸਕਦੀਆਂ ਹਨ, ਪਰ ਇੱਕੋ ਇਕ ਸੱਚੇ ਗੁਣ ਤੇ ਅਧਾਰਿਤ ਨਹੀਂ ਹਨ।

## ਉਸ ਦਾ ਅਨੰਦ: ਮਸੀਹ ਵਿਚ ਉਨ੍ਹਾਂ ਦੀ ਨਿਹਚਾ (2:5)

**[5]ਕਿਉਂ ਜੋ ਮੈਂ ਭਾਵੇਂ ਸਰੀਰ ਕਰਕੇ ਤੁਹਾਥੋਂ ਪਰੋਖੇ ਹਾਂ ਪਰ ਆਤਮਾ ਕਰਕੇ ਤੁਹਾਡੇ ਕੋਲ ਹਾਂ ਅਤੇ ਤੁਹਾਡੀ ਮਰਯਾਦਾ ਅਤੇ ਤੁਹਾਡੀ ਮਸੀਹ ਉੱਤੇ ਨਿਹਚਾ ਦੀ ਦ੍ਰਿੜ੍ਹਤਾ ਵੇਖ ਕੇ ਅਨੰਦ ਹੁੰਦਾ ਹਾਂ।**

**''ਕਿਉਂ ਜੋ ਮੈਂ ਭਾਵੇਂ ਸਰੀਰ ਕਰਕੇ ਤੁਹਾਥੋਂ ਪਰੋਖੇ ਹਾਂ**
**ਪਰ ਆਤਮਾ ਕਰਕੇ ਤੁਹਾਡੇ ਕੋਲ ਹਾਂ''** (2:5)

**ਕਿਉਂ ਜੋ ਮੈਂ ਭਾਵੇਂ ਸਰੀਰ ਕਰਕੇ ਤੁਹਾਥੋਂ ਪਰੋਖੇ ਹਾਂ**, ਪੌਲੁਸ ਨੇ ਅੱਗੇ ਕਿਹਾ, **ਪਰ ਆਤਮਾ ਕਰਕੇ ਤੁਹਾਡੇ ਕੋਲ ਹਾਂ।** ਪੌਲੁਸ ਦੇ ਇਹ ਕਹਿਣ ਤੋਂ ਕੀ ਭਾਵ ਸੀ?

ਭਲਾ ਉਹ ਉਸ ਅਰਥ ਵਿਚ ਕੁਲੁੱਸੀਆਂ ਦੇ ਨਾਲ ਜਿਵੇਂ ਉਸ ਪੁੱਤਰ ਦੇ ਨਾਲ ਹੁੰਦਾ ਹੈ ਜਿਹੜਾ ਘਰ ਵਿੱਚੋਂ ਜਾ ਰਿਹਾ ਹੋਵੇ? ਪਿਤਾ ਆਖ ਸਕਦਾ ਹੈ, ''ਬੇਟਾ, ਮੈਂ ਤੇਰੇ ਨਾਲ ਨਾਲ ਚੱਲ ਤਾਂ ਨਹੀਂ ਸਕਦਾ ਪਰ ਮੇਰਾ ਦਿਲ ਤੇਰੇ ਨਾਲ ਹੋਵੇਗਾ।'' ਪੌਲੁਸ ਨੇ ਅਜਿਹੀ ਹੀ ਗੱਲ ਇਕ ਹੋਰ ਥਾਂ ਕਹੀ: ''ਪਰ ਹੇ ਭਰਾਵੋ, ਅਸੀਂ ਜੋ ਥੋੜ੍ਹਾ ਚਿਰ ਤੁਹਾਥੋਂ ਵਿਛੜੇ ਰਹੇ ਮਨ ਕਰਕੇ ਨਹੀਂ ਪਰ ਦੇਹ ਕਰਕੇ ਤਾਂ ਅਸਾਂ ਵੱਡੀ ਚਾਹ ਨਾਲ ਤੁਹਾਡਾ ਦਰਸ਼ਣ ਕਰਨ ਲਈ ਬਹੁਤ ਹੀ ਜਤਨ ਕੀਤਾ'' (1 ਥੱਸਲੁਨੀਕੀਆਂ 2:17)। ਇਨ੍ਹਾਂ ਸ਼ਬਦਾਂ ਤੋਂ ਅਜਿਹਾ ਨਹੀਂ ਲਗਦਾ ਕਿ ਉਸ ਨੂੰ ਭਾਈਆਂ ਦੀ ਰੂਹਾਨੀ ਤੌਰ ਤੇ ਸਮਝ ਸੀ, ਪਰ ਇਨ੍ਹਾਂ ਤੋਂ ਸੰਕੇਤ ਮਿਲਦਾ ਹੈ ਕਿ ਉਹ ਆਪਣੇ ਪਿਆਰ ਭਰੇ ਵਿਹਾਰ ਕਰਕੇ ਉਨ੍ਹਾਂ ਦੇ ਨਾਲ ਸੀ।

ਭਲਾ ਉਹ ਇਪਫ੍ਰਾਸ ਦੀ ਰਿਪੋਰਟ ਕਰਕੇ ਆਤਮਾ ਵਿਚ ਉਨ੍ਹਾਂ ਦੇ ਨਾਲ ਸੀ (1:7, 8)? ਪੌਲੁਸ ਨੂੰ ਕੁਰਿੰਥੀਆਂ ਬਾਰੇ ਕਲੋਏ ਦੇ ਘਰਾਣੇ ਦੀ ਇਕ ਰਿਪੋਰਟ ਤੋਂ (1 ਕੁਰਿੰਥੀਆਂ 1:11), ਉਨ੍ਹਾਂ ਦੇ ਖ਼ਤ ਤੋਂ (1 ਕੁਰਿੰਥੀਆਂ 7:1), ਅਤੇ ਸ਼ਾਇਦ ਕਿਸੇ ਹੋਰ ਵਸੀਲੇ ਤੋਂ ਪਤਾ ਲੱਗਾ ਸੀ (1 ਕੁਰਿੰਥੀਆਂ 4:18; 5:1; 11:18; 15:12; 2 ਕੁਰਿੰਥੀਆਂ 7:7; 10:10)। ਉਸ ਨੂੰ ਹੋਰਨਾਂ ਮੰਡਲੀਆਂ ਦੀਆਂ ਖ਼ਬਰਾਂ ਵੀ ਵੱਖੋ ਵੱਖ ਵਸੀਲਿਆਂ ਤੋਂ ਮਿਲੀਆਂ ਸਨ (ਰੋਮੀਆਂ 1:8; 1 ਥੱਸਲੁਨੀਕੀਆਂ 1:8; 3:6)। ਭਲਾ ਅਜਿਹੀਆਂ ਖ਼ਬਰਾਂ ਤੋਂ ਉਸ ਨੂੰ ਲਗਦਾ ਸੀ ਕਿ ਉਹ ਉਨ੍ਹਾਂ ਮੈਂਬਰਾਂ ਦੇ ਨੇੜੇ ਹੈ ਜਿਸ ਨਾਲ ਉਹ ਕਹਿ ਸਕੇ ਕਿ ਉਹ ਆਤਮਾ ਵਿਚ ਉਨ੍ਹਾਂ ਦੇ ਨਾਲ ਹੈ?

ਭਲਾ ਖ਼ੁਦਾ ਨੇ ਪੌਲੁਸ ਨੂੰ ਕੁਲੁੱਸੇ ਦੇ ਲੋਕਾਂ ਦੀਆਂ ਜ਼ਿੰਦਗੀਆਂ ਵਿਚ ਸਿੱਧੇ ਝਾਤ ਮਾਰਨ ਦਿੱਤੀ? ਜੇ ਪੌਲੁਸ ਦੇ ਕਹਿਣ ਤੋਂ ਭਾਵ ਪਹਿਲਾਂ ਵਾਲੀਆਂ ਸੰਭਾਵਨਾਵਾਂ ਸੀ ਤਾਂ ਉਸ ਨੇ ਇਹ ਕਿਉਂ ਨਹੀਂ ਕਿਹਾ ਕਿ ਉਹ ''ਤੁਹਾਡੀ ਮਰਯਾਦਾ ਅਤੇ ਤੁਹਾਡੀ ਮਸੀਹ ਉੱਤੇ ਨਿਹਚਾ ਦੀ ਦ੍ਰਿੜ੍ਹਤਾ ਵੇਖ ਕੇ ਅਨੰਦ ਹੁੰਦਾ'' ਸੀ (ਆਇਤ 5)। ਜੇ ਉਹਦੇ ਕਹਿਣ ਤੋਂ ਭਾਵ ਬਾਅਦ ਵਾਲੀ ਗੱਲ ਸੀ ਤਾਂ ਖ਼ੁਦਾ ਦੀ ਮਦਦ ਨਾਲ ਉਸ ਨੇ ਆਪਣੀ ਆਤਮਾ ਵਿਚ ਮੰਨ ਲਿਆ ਕਿ ਇਸ ਨਾਲ ਉਸ ਨੂੰ ਉਨ੍ਹਾਂ ਦੀਆਂ ਰੂਹਾਨੀ ਗਤੀਵਿਧੀਆਂ ਦਾ ਪਤਾ ਲੱਗਾ।

ਹੋਰਨਾਂ ਆਇਤਾਂ ਤੋਂ ਸੰਕੇਤ ਮਿਲ ਸਕਦਾ ਹੈ ਕਿ ਪੌਲੁਸ ਨੂੰ ਇਹ ਜਾਣਕਾਰੀ ਇਲਾਹੀ ਤੌਰ ਤੇ ਦਿੱਤੀ ਗਈ (ਗਲਾਤੀਆਂ 1:6; 6:12; ਫ਼ਿਲਿੱਪੀਆਂ 4:2)। 1 ਕੁਰਿੰਥੀਆਂ 5:3 ਵਿਚ ਉਸ ਨੇ ਆਖਿਆ, ''ਮੈਂ ਤਾਂ ਸਰੀਰ ਦੁਆਰਾ ਨਹੀਂ ਪਰ ਆਤਮਾ ਦੁਆਰਾ ਤੁਹਾਡੇ ਸਨਮੁਖ ਹੋਣ ਕਰਕੇ ਜਿਹ ਨੇ ਇਹ ਕੰਮ ਐਉਂ ਕੀਤਾ ਉਹ ਦਾ ਨਬੇੜਾ ਇਸ ਪਰਕਾਰ ਕਰ ਹਟਿਆ ਭਈ ਮਾਨੋ ਮੈਂ ਸਨਮੁਖ ਹੀ ਸਾਂ।'' ਇਹ ਆਇਤ ਆਪਣੇ ਆਪ ਆਪਣੀ ਵਿਆਖਿਆ ਕਰਦੀ ਲਗਦੀ ਹੈ ਕਿ ਉਸ ਨੂੰ ਕੁਰਿੰਥੀਆਂ ਦੀਆਂ ਗਤੀਵਿਧੀਆਂ ਦਾ ਪਤਾ ਸੀ। ਉਹ ਪੁੱਤਰ ਅਤੇ ਮਾਂ ਦੇ ਵਰਜੇ ਗਏ ਵਿਹਾਰ ਦੇ ਸਬੰਧ ਤੇ ਫ਼ੈਸਲਾ ਲੈ ਸਕਿਆ ਕਿਉਂ ਜੋ ਆਪਣੀ ਆਤਮਾ ਦੇ ਵਿਚ ਉਸ ਨੂੰ ਉਨ੍ਹਾਂ ਦੇ ਸਬੰਧ ਦਾ ਪਤਾ ਸੀ।

**‘‘ਤੁਹਾਡੀ ਮਰਯਾਦਾ ਅਤੇ ਤੁਹਾਡੀ ਮਸੀਹ ਉੱਤੇ ਨਿਹਚਾ ਦੀ ਦ੍ਰਿੜਤਾ ਵੇਖ ਕੇ ਅਨੰਦ ਹੁੰਦਾ ਹਾਂ’’** (2:5)

ਪੌਲੁਸ ਨੂੰ ਇਹ ਜਾਣਕਾਰੀ ਭਾਵੇਂ ਜਿਵੇਂ ਵੀ ਮਿਲੀ ਹੋਵੇ ਪਰ ਉਸ ਨੇ ਆਪਣੇ ਪਾਠਕਾਂ ਨੂੰ ਦੱਸਿਆ ਕਿ ਉਹ *[ਉਨ੍ਹਾਂ ਦੀ]* **ਮਰਯਾਦਾ ਅਤੇ** *[ਉਨ੍ਹਾਂ ਦੀ]* **ਮਸੀਹ ਉੱਤੇ ਨਿਹਚਾ ਦੀ ਦ੍ਰਿੜਤਾ ਵੇਖ ਕੇ ਅਨੰਦ** ਸੀ। ਆਪਣੀ ਆਤਮਾ ਵਿਚ ਉਨ੍ਹਾਂ ਦੀ ਚੰਗੀ ਜ਼ਿੰਦਗੀ ਨੂੰ ਵੇਖ ਕੇ ਉਸ ਨੂੰ ਖੁਸ਼ੀ ਮਿਲੀ। ਰਸੂਲ ਯੂਹੰਨਾ ਨੂੰ ਵਫ਼ਾਦਾਰ ਮਸੀਹੀ ਲੋਕਾਂ ਦੀਆਂ ਜ਼ਿੰਦਗੀਆਂ ਨੂੰ ਵੇਖ ਕੇ ਅਨੰਦ ਕਰਨ ਦਾ ਕਾਰਣ ਮਿਲਿਆ। ਉਸ ਨੇ ਕਿਹਾ, ‘‘ਇਸ ਨਾਲੋਂ ਮੈਨੂੰ ਵੱਡਾ ਅਨੰਦ ਕੋਈ ਨਹੀਂ ਜੋ ਮੈਂ ਸੁਣਾ ਭਈ ਮੇਰੇ ਬਾਲਕ ਸਚਿਆਈ ਉੱਤੇ ਚੱਲਦੇ ਹਨ’’ (3 ਯੂਹੰਨਾ 4; ਵੇਖੋ 2 ਯੂਹੰਨਾ 4)। ਖ਼ੁਦਾ ਦੀ ਸਿੱਖਿਆ ਦੇਣ ਵਾਲਾ ਅਨੰਦ ਨਾਲ ਭਰ ਜਾਂਦਾ ਹੈ ਜਦੋਂ ਉਹ ਮਸੀਹੀ ਲੋਕਾਂ ਨੂੰ ਭਗਤੀ ਭਰੀ ਅਤੇ ਧਾਰਮਿਕ ਜ਼ਿੰਦਗੀ ਜੀਉਂਦਿਆਂ ਵੇਖਦਾ ਹੈ। ਮਸੀਹ ਦੇ ਚੰਗੇ ਸੇਵਕ ਅਨੰਦ ਕਰਦੇ ਹਨ ਜਦੋਂ ਉਹ ਆਪਣੀ ਮਿਹਨਤ ਦਾ ਸਹੀ ਫਲ਼ ਮਿਲਿਆ ਵੇਖਦੇ ਹਨ।

ਪੌਲੁਸ ਨੇ ਕੁਲੁੱਸੀਆਂ ਦੇ ‘‘ਮਰਯਾਦਾ’’ (*taxis*) ਅਤੇ ਮਸੀਹ ਵਿਚ ਉਨ੍ਹਾਂ ਦੀ ਨਿਹਚਾ ਦੀ ‘‘ਦ੍ਰਿੜਤਾ’’ (*stereōma*) ਨੂੰ ਵੇਖੋ। ਰਾਬਰਟ ਜੀ. ਬ੍ਰੇਚਰ ਅਤੇ ਯੂਜੀਨ ਏ. ਨਿਡਾ ਨੇ ਇਨ੍ਹਾਂ ਦੋ ਸ਼ਬਦਾਂ ਦੇ ਸਬੰਧ ਵਿਚ ਲਿਖਿਆ ਹੈ, ‘‘*Taxis* ਇਕ ਫ਼ੌਜੀ ਸ਼ਬਦ ਹੈ, ਜਿਸ ਦਾ ਅਰਥ ‘ਤਰਤੀਬ ਵਿਚ ਅਹੁਦੇ,’ ‘ਖੰਭੇ’ ਹੈ; *stereoma* ਦਾ ਅਰਥ ‘ਮਜ਼ਬੂਤੀ,’ ‘ਨਿੱਗਰਤਾ’ ਹੈ ਅਤੇ ਇਸ ਦੀ ਵਰਤੋਂ ਵੀ ਫ਼ੌਜੀ ਸੰਦਰਭ ਵਿਚ ਹੁੰਦੀ ਹੈ।’’[7] ਫ਼ੌਜੀ ਪਿਛੋਕੜ ਦੇ ਬਾਹਰ ਇਨ੍ਹਾਂ ਸ਼ਬਦਾਂ ਦਾ ਅਰਥ ਯਾਜਕਾਈ ਤਰਤੀਬ ਦੇ ਅਰਥ ਵਿਚ (ਲੂਕਾ 1:8; ਇਬਰਾਨੀਆਂ 5:6), ਜਾਂ ਉਨ੍ਹਾਂ ਜ਼ਿਦਗੀਆਂ ਦੇ ਅਰਥ ਵਿਚ ਹੋ ਸਕਦਾ ਹੈ। ਜੋ ਸਰੀਰਕ ਤੌਰ ਤੇ ਮਜ਼ਬੂਤ ਹਨ, ਜਿਵੇਂ ਰਸੂਲਾਂ ਦੇ ਕੰਮ 3:7 ਵਿਚ।

ਕੁਰਿੰਥੀਆਂ ਨੂੰ ਆਪਣੀ ਹਦਾਇਤ ਵਿਚ ਪੌਲੁਸ ਨੇ ਇਹ ਆਖਦਿਆਂ ਕਿ ਮਸੀਹੀ ਸਭਾ ਵਿਚ ਇੱਕੋ ਹੀ ਵੇਲੇ ਦੋ ਗਤੀਵਿਧੀਆਂ ਨਹੀਂ ਹੋਣੀਆਂ ਚਾਹੀਦੀਆਂ, ਪੌਲੁਸ ਨੇ *taxis* ਦੀ ਵਰਤੋਂ ਕੀਤੀ। ਇਹ ਖ਼ਤਰਨਾਕ ਹੋਣਾ ਸੀ। ਇਸ ਦੀ ਥਾਂ ਬੰਦਗੀ ਦੇ ਹਿੱਸੇ ਦੇ ਤਰਤੀਬਬੱਧ ਢੰਗ ਨਾਲ ਅਤੇ ਸਿਲਸਿਲੇਵਾਰ ਹੋਣੇ ਚਾਹੀਦੇ ਹਨ (1 ਕੁਰਿੰਥੀਆਂ 14:40, ਆਇਤਾਂ 27, 31 ਦੇ ਸਬੰਧ ਵਿਚ)। ਪ੍ਰਚਾਰਕ ਦੇ ਬੋਲਣ ਸਮੇਂ ਗੀਤ ਗਾਉਣਾ ਖ਼ਤਰਨਾਕ ਹੋਣਾ ਸੀ। ਪ੍ਰਭੂ ਭੋਜ ਲੈਣ ਵੇਲੇ ਇਸ ਵਿਚ ਭਾਗ ਲੈਣ ਵਾਲਿਆਂ ਨੂੰ ਗੀਤ ਗਾ ਕੇ ਉਨ੍ਹਾਂ ਦਾ ਧਿਆਨ ਹਟਾਉਣਾ ਤਰਤੀਬ ਤੋਂ ਬਾਹਰ ਹੋਣਾ ਸੀ। ਬੰਦਗੀ ਵਿਚ ਕਿਸੇ ਹੋਰ ਨਾਲ ਉਲਝਣ ਵਾਲੀ ਕੋਈ ਗਤੀਵਿਧੀ *taxis,* ‘‘ਤਰਤੀਬ ਅਨੁਸਾਰ’’ ਨਹੀਂ ਹੋਣੀ ਸੀ।

ਪੌਲੁਸ ਚਾਹੁੰਦਾ ਸੀ ਕਿ ਮਸੀਹੀ ਲੋਕਾਂ ਦੀ ਜ਼ਿੰਦਗੀ ਮਰਯਾਦਾ ਭਰੀ, ਸੰਜਮ ਵਾਲੀ ਅਤੇ ਮਜ਼ਬੂਤ ਹੋਵੇ। ਉਹ ਉਨ੍ਹਾਂ ਨੂੰ ਉਵੇਂ ਹੀ ਮਜ਼ਬੂਤ ਵੇਖਣਾ ਚਾਹੁੰਦਾ ਸੀ ਜਿਵੇਂ ਉਹ ਆਪਣੀ ਜ਼ਿੰਦਗੀ ਨੂੰ ਮਜ਼ਬੂਤ ਵੇਖਣ ਦਾ ਚਾਹਵਾਨ ਸੀ। ਉਸ ਨੇ ਲਿਖਿਆ, ‘‘ਸਗੋਂ ਆਪਣੇ ਸਰੀਰ ਨੂੰ ਮਾਰਦਾ ਕੁੱਟਦਾ ਅਤੇ ਉਹ ਨੂੰ ਆਪਣੇ ਵੱਸ ਵਿਚ ਲਿਆਉਂਦਾ ਹਾਂ ਭਈ ਐਉਂ ਨਾ ਹੋਵੇ ਜੋ ਕਿਤੇ ਮੈਂ ਹੋਰਨਾਂ ਨੂੰ ਉਪਦੇਸ਼ ਕਰ ਕੇ ਆਪ ਅਪਰਵਾਨ ਹੋ ਜਾਵਾਂ’’ (1 ਕੁਰਿੰਥੀਆਂ 9:27)।

ਨਿਹਚਾ ਦੀ ਬੁਨਿਆਦ ਹੋਣਾ ਜ਼ਰੂਰੀ ਹੈ। ਇਸ ਦੀ ਬੁਨਿਆਦ ਸਿੱਖਿਆਵਾਂ, ਹੋਰ ਗੱਲਾ, ਜਾਂ ਭੌਤਿਕ ਚੀਜ਼ਾਂ ਹੋ ਸਕਦੀ ਹੈ। ਮਸੀਹੀ ਵਿਸ਼ਵਾਸ ਜਿਸਮਾਨੀ ਬਰਕਤਾਂ ਲਈ ਯਿਸੂ ਵਿਚ ਕੀਤਾ ਜਾਣ ਵਾਲਾ ਯਕੀਨ ਨਹੀਂ (ਮੱਤੀ 6:33), ਬਲਕਿ ਰੂਹਾਨੀ ਬਰਕਤਾਂ ਲਈ ਵੀ ਹੈ (ਅਫ਼ਸੀਆਂ 1:3) ਜੋ ਯਿਸੂ ਵਿਚ ਹਨ। ਮਸੀਹੀ ਜ਼ਿੰਦਗੀ ਦੀ ਸ਼ੁਰੂਆਤ ਉਸ ਵਿਚ ਯਕੀਨ ਨਾਲ ਸ਼ੁਰੂ ਹੁੰਦੀ ਹੈ, ਉਸ ਵਿਚ ਯਕੀਨ ਨਾਲ ਕਾਇਮ ਰਹਿੰਦੀ ਹੈ ਅਤੇ ਉਸ ਵਿਚ ਯਕੀਨ ਦੇ ਰਾਹੀਂ ਟੀਚੇ ਤਕ ਪਹੁੰਚਦੀ ਹੈ (ਰੋਮੀਆਂ 1:17)। ਉਹ ਮਸੀਹੀ ਲੋਕਾਂ ਲਈ ਜ਼ਿਦਗੀ ਅਤੇ ਆਸ ਦਾ ਕੇਂਦਰ ਹੈ (ਯੂਹੰਨਾ 14:6); ਹੋਰ ਕਿਸੇ ਵਿਚ ਮੁਕਤੀ ਨਹੀਂ ਹੈ (ਰਸੂਲਾਂ ਦੇ ਕੰਮ 4:11, 12)।

ਕੁਲੁੱਸੀਆਂ ਦੀਆਂ ਜ਼ਿੰਦਗੀਆਂ ਬਾਰੇ ਪੌਲੁਸ ਨੂੰ ਜੋ ਕੁਝ ਵੀ ਪਤਾ ਲੱਗਾ ਸੀ ਉਸ ਤੋਂ ਉਸ ਨੇ ਵੇਖਿਆ ਕਿ ਉਹ ਚੰਗਾ ਕਰ ਰਹੇ ਸਨ ਅਤੇ ਉਨ੍ਹਾਂ ਦਾ ਵਿਸ਼ਵਾਸ ਸੱਚਾ ਹੈ। ਇਸ ਤਥ ਨੇ ਉਸ ਨੂੰ ਦੁਨਿਆਵੀ ਆਨੰਦਾਂ, ਰੋਮਾਂਚਕਾਰੀ ਸੰਸਕਾਰਾਂ, ਮਨੁੱਖੀ ਫ਼ਿਲਾਸਫ਼ੀ ਜਾਂ ਲੁਭਾਉਣ ਵਾਲੇ ਭਾਸ਼ਣਾਂ ਤੋਂ ਗੁਮਰਾਹ ਨਾ ਹੋਣ ਦੀ ਚਿਤਾਵਨੀ ਦੇਣ ਤੋਂ ਰੋਕਿਆ ਨਹੀਂ। ਉਸ ਨੇ ਇਸ ਗੱਲ ਨੂੰ ਸਮਝਿਆ ਕਿ ਕੁਝ ਲੋਕ ਸਚਿਆਈ ਦੀ ਥਾਂ ਸ਼ਖ਼ਸੀਅਤ ਨਾਲੋਂ ਵੱਧ ਪ੍ਰਭਾਵਿਤ ਹੁੰਦੇ ਹਨ। ਅਸਲ ਵਿਸ਼ਵਾਸ ਨਾਲ ਚੱਲਣਾ ਜ਼ਰੂਰੀ ਹੈ ਕਿਉਂ ਜੋ ਇਸ ਨੂੰ ਚੁਣੌਤੀ ਮਿਲਦੀ ਰਹਿੰਦੀ ਹੈ।

ਕੁਲੁੱਸੀਆਂ ਦੀ ਰੂਹਾਨੀ ਭਲਿਆਈ ਜਾਂ ਉਨ੍ਹਾਂ ਨੂੰ ਦਲੇਰ ਕਰਨ ਲਈ ਪੌਲੁਸ ਨੂੰ ਸਰੀਰਕ ਤੌਰ ਤੇ ਉਨ੍ਹਾਂ ਦੇ ਨਾਲ ਹੋਣਾ ਲਾਜ਼ਮੀ ਨਹੀਂ ਸੀ। ਆਪਣੀ ਆਤਮਾ ਵਿਚ ਉਹ ਉਨ੍ਹਾਂ ਦੀਆਂ ਰੂਹਾਨੀ ਲੋੜਾਂ ਤੇ ਧਿਆਨ ਕਰ ਕੇ ਉਨ੍ਹਾਂ ਨੂੰ ਪੂਰਾ ਕਰਨ ਦੀ ਇੱਛਾ ਕਰ ਸਕਦਾ ਸੀ, ਭਾਵੇਂ ਉਹ ਉਨ੍ਹਾਂ ਦੇ ਨਾਲ ਨਹੀਂ ਸੀ।

## ਉਸ ਦੀ ਤਾੜਨਾ: ਜਿਵੇਂ ਉਨ੍ਹਾਂ ਨੇ ਮਸੀਹ ਨੂੰ ਕਬੂਲ ਕੀਤਾ ਸੀ ਉਵੇਂ ਹੀ ਉਸ ਵਿਚ ਚੱਲਣ (2:6)

**6ਸੋ ਜਿਵੇਂ ਤੁਸਾਂ ਮਸੀਹ ਯਿਸੂ ਪ੍ਰਭੂ ਨੂੰ ਕਬੂਲ ਕੀਤਾ ਤਿਵੇਂ ਤੁਸੀਂ ਉਹ ਦੇ ਵਿਚ ਚੱਲਦੇ ਜਾਓ।**

**''ਸੋ ਜਿਵੇਂ ਤੁਸਾਂ ਮਸੀਹ ਯਿਸੂ ਪ੍ਰਭੂ ਨੂੰ ਕਬੂਲ ਕੀਤਾ''** (2:6)

**ਸੋ** (*oun*) ਨੂੰ ਇਸ ਗੱਲ ਨਾਲ ਜੋੜਦਾ ਹੈ ਕਿ ਬੁੱਧ ਅਤੇ ਗਿਆਨ ਦੇ ਸਾਰੇ ਖ਼ਜ਼ਾਨੇ ਮਸੀਹ ਵਿਚ ਹਨ (ਆਇਤ 3)। ਇਹ ਜਾਣਦਿਆਂ ਕਿ ਮਸੀਹ ਵਿਚ ਉਹ ਖਜ਼ਾਨੇ ਮੌਜੂਦ ਹਨ, ਕੁਲੁੱਸੇ ਦੇ ਲੋਕਾਂ ਨੂੰ ਸਿਰਫ਼ ਓਸੇ ਨਾਲ ਚੰਬੜੇ ਰਹਿਣਾ ਅਤੇ ਆਪਣੀਆਂ ਜ਼ਿੰਦਗੀਆਂ ਨੂੰ ਉਸ ਦੇ ਹੁਕਮਾਂ ਦੇ ਮਾਪਦੰਡਾਂ ਨਾਲ ਸੀਮਤ ਕਰਨਾ ਜ਼ਰੂਰੀ ਸੀ। ਉਨ੍ਹਾਂ ਨੇ ਉਸ ਨੂੰ ਸਾਰੀ ਸਚਿਆਈ ਦੇ ਦੇਣ ਵਾਲੇ ਅਤੇ ਪ੍ਰਭੂ ਅਤੇ ਮਸੀਹਾ ਦੇ ਰੂਪ ਵਿਚ ਕਬੂਲ ਕੀਤਾ ਸੀ, ਪਰ ਮਸੀਹ ਯਿਸੂ ਨੂੰ ਕਬੂਲ ਕਰਨਾ ਖ਼ੁਦਾ ਦੇ ਸਾਡੇ ਵੱਲੋਂ ਹੁਕਮ ਮੰਨਣ ਦਾ ਅਖ਼ੀਰ ਨਹੀਂ ਹੈ। ਬਲਕਿ ਇਹ ਮਸੀਹੀ ਚਾਲ ਚੱਲਣ ਦਾ ਸ਼ੁਰੂ ਹੈ। ਮਸੀਹੀ ਜ਼ਿੰਦਗੀ ਦਾ ਵਧਣਾ ਇਸ ਦੀ ਸ਼ੁਰੂਆਤ ਦੇ ਨਾਲ ਮੇਲ ਖਾਂਦੇ ਰਹਿਣਾ ਜ਼ਰੂਰੀ ਹੈ।

ਕੁਲੁੱਸੀਆਂ ਨੇ ਯਿਸੂ ਨੂੰ ਪ੍ਰਭੂ ਮਸੀਹ ਮੰਨ ਲਿਆ ਸੀ ਭਾਵ ਉਨ੍ਹਾਂ ਨੇ ਉਸ ਨੂੰ ਹਰ ਸਮਝਦਾਰ ਰੂਹਾਨੀ ਵਿਚਾਰ ਜਾਣਨ ਯੋਗ ਸਚਿਆਈ ਦੇਣ ਵਾਲੇ ਦੇ ਰੂਪ ਵਿਚ ਮੰਨ ਲਿਆ ਸੀ। ਮਸੀਹ ਦੇ ਰੂਪ ਵਿਚ ਉਹ ਖ਼ੁਦਾ ਦਾ ਮਸਹ ਕੀਤਾ ਹੋਇਆ ਹਾਕਮ ਹੈ ਜਿਹੜਾ ਹੁਣ ਸੁਰਗ ਅਤੇ ਧਰਤੀ ਉੱਤੇ ਹਕੂਮਤ ਕਰਦਾ ਹੈ (ਮੱਤੀ 28:18)। ਯਿਸੂ ਦੇ ਰੂਪ ਵਿਚ (''ਖ਼ੁਦਾ ਬਚਾਉਂਦਾ ਹੈ''; ਵੇਖੋ ਮੱਤੀ 1:21), ਉਹ ਪਾਪਾਂ ਨੂੰ ਮਾਫ਼ ਕਰਨ ਦਾ ਖ਼ੁਦਾ ਦਾ ਵਸੀਲਾ ਹੈ। ਪ੍ਰਭੂ ਦੇ ਰੂਪ ਵਿਚ (ਰੋਮੀਆਂ 10:9), ਉਹੀ ਇੱਕੋ ਪ੍ਰਭੂ ਹੈ (ਅਫ਼ਸੀਆਂ 4:5) ਜਿਸ ਦਾ ਹੁਕਮ ਮੰਨਿਆ ਜਾਣਾ ਜ਼ਰੂਰੀ ਹੈ (ਲੂਕਾ 6:46)। ਜਿਹੜੇ ਲੋਕ ਉਹਦੀ ਮਰਜ਼ੀ ਦਾ ਵਿਰੋਧ ਕਰਦੇ ਹਨ ਉਹ ਪਾਪ ਦੇ ਸੇਵਕ ਹਨ ਅਤੇ ''ਨਾਸ ਹੋ ਜਾਣਗੇ'' (ਰਸੂਲਾਂ ਦੇ ਕੰਮ 3:23)। ਦਿਲੋਂ ਇੰਜੀਲ ਦੀ ਗੱਲ ਮੰਨ ਕੇ ਕੁਲੁੱਸੇ ਦੇ ਲੋਕ ਧਾਰਮਿਕਤਾ ਦੇ ਸੇਵਕ ਬਣ ਗਏ ਸਨ (ਰੋਮੀਆਂ 6:17, 18)।

ਨਵੀਂ ਜ਼ਿੰਦਗੀ ਵਿਚ ਉਨ੍ਹਾਂ ਦਾ ਬਦਲ ਜਾਣਾ ਬਪਤਿਸਮੇ ਵੇਲੇ ਹੋਇਆ ਸੀ ਜਦ ਉਨ੍ਹਾਂ ਨੇ ਯਿਸੂ ਦੇ ਦਫ਼ਨਾਏ ਜਾਣ ਅਤੇ ਜੀ ਉੱਠਣ ਨੂੰ ਉਹਦੇ ਨਾਲ ਸਾਂਝਾ ਕਰਕੇ, ਉਸ ਨੂੰ ਕਬੂਲ ਕੀਤਾ ਸੀ (ਰੋਮੀਆਂ 6:4)। ਯਿਸੂ ਦੇ ਨਾਲ ਜਿਵਾਏ ਜਾਣ ਦੇ ਬਾਅਦ (ਕੁਲੁੱਸੀਆਂ 2:12), ਉਹਦੇ ਨਾਲ ਉਨ੍ਹਾਂ ਦੀ ਸੰਗਤੀ ਬਣੀ ਰਹਿਣੀ ਸੀ ਅਤੇ ਪਾਪ ਵਿਚ ਉਨ੍ਹਾਂ ਦਾ ਯੋਗਦਾਨ ਬੰਦ ਹੋ ਜਾਣਾ ਸੀ (ਰੋਮੀਆਂ 6:5, 6)।

ਯੂਨਾਨੀ ਕਿਰਿਆ ਸ਼ਬਦ *paralambanō* (''ਕਬੂਲ ਕੀਤਾ'') ਕਿਸੇ ਦੂਜੇ ਦੇ ਹੱਥੋਂ ਕਬੂਲ

ਕਰਨਾਂ ਹੁੰਦਾ ਹੈ।[8] ਕੁਲੁੱਸੀਆਂ ਨੇ ਇਪਫ੍ਰਾਸ ਵੱਲੋਂ ਲਿਆਂਦੇ ਗਏ ਸੰਦੇਸ਼ ਨਾਲ ਯਿਸੂ ਨੂੰ ''ਕਬੂਲ ਕੀਤਾ'' ਸੀ। ਜਿਸ ਕਰਕੇ ਉਨ੍ਹਾਂ ਦਾ ਯਿਸੂ ਵਿਚ ਬਣੇ ਰਹਿਣਾ ਜ਼ਰੂਰੀ ਸੀ। ਉਹ ਉਨ੍ਹਾਂ ਦੀਆਂ ਜ਼ਿੰਦਗੀਆਂ ਦੀ ਮੁੱਢਲੀ ਗੱਲ ਅਤੇ ਕੇਂਦਰ ਸੀ। ਉਸ ਦੇ ਹੁਕਮਾਂ ਨੂੰ ਮੰਨ ਕੇ ਉਨ੍ਹਾਂ ਨੇ ਉਸ ਵਿਚ ਬਣੇ ਰਹਿਣਾ ਸੀ (1 ਯੂਹੰਨਾ 2:3)। ਉਨ੍ਹਾਂ ਦਾ ਚੱਲਣਾ ਉਹਦੇ *ਨਾਲ* ਹੀ ਨਹੀਂ ਬਲਕਿ ਉਸ *ਵਿਚ* ਵੀ ਸੀ ਕਿਉਂ ਜੋ ਉਸ ਨੇ ਉਨ੍ਹਾਂ ਦੇ ਚੱਲਣ ਲਈ ਮਾਪਦੰਡ ਠਹਿਰਾ ਦਿੱਤਾ ਸੀ ਮਸੀਹੀ ਚਲਣ ਉਸ ਦੇ ਅੰਦਰ ਹੈ ਨਾ ਕਿ ਉਸ ਦੇ ਬਾਹਰ।

ਪੌਲੁਸ ਦੇ ਰਾਹੀਂ ਆਤਮਾ ਸ਼ਾਇਦ ਇਕ ਸੰਦੇਸ਼ ਦੇ ਰਿਹਾ ਸੀ ਜਿਹੜਾ ਉਨ੍ਹਾਂ ਗਲਤ ਧਾਰਣਾਵਾਂ ਦਾ ਜਵਾਬ ਦੇਣ ਵਿਚ ਲਾਹੇਵੰਦ ਹੋਣਾ ਸੀ ਜੋ ਬਾਅਦ ਵਿਚ ਗਿਆਨਵਾਦੀਆਂ ਨੇ ਦੱਸਣੀਆਂ ਸਨ। ਏ. ਟੀ. ਰੌਬਰਟਸਨ ਨੇ ਕਿਹਾ ਹੈ:

> ਉਹ ਸਭ ਦਾ ਪ੍ਰਭੂ ਹੈ, ਹਰ ਹਕੂਮਤ ਅਤੇ ਹਰ ਇਖ਼ਤਿਆਰ ਦੇ ਉੱਪਰ ਹੈ (ਅਫ਼ਸੀਆਂ 1:21)। ਪਹਿਲੀ ਸਦੀ ਦੇ ਅਖ਼ੀਰ ਦੇ ਨੇੜੇ ਕਰਿੰਥੀਅਨ ਗਿਆਨਵਾਦੀਆਂ ਨੇ *ਮਨੁੱਖ* ਯਿਸੂ ਅਤੇ ***aeon*** ਮਸੀਹ ਵਿਚ ਸਿੱਧਾ ਫ਼ਰਕ ਕੀਤਾ ਜਿਹੜਾ ਉਸ ਦੇ ਬਪਤਿਸਮੇ ਵੇਲੇ ਉਸ ਉੱਤੇ ਆਇਆ ਅਤੇ ਸਲੀਬ ਉੱਤੇ ਉਸ ਨੂੰ ਛੱਡ ਗਿਆ। ਇਸ ਵਿਚ ਕੁਲੁੱਸੇ ਦੀ ਇਸ ਸਿੱਖਿਆ ਦੀ ਨਬੂਵਤ ਹੋ ਸਕਦੀ ਹੈ। ਇਹ ਸਿਰਫ਼ ਯਿਸੂ ਦੀ ਹੀ ਪਛਾਣ ਨਹੀਂ ਹੈ ਜਿਸ ਉੱਤੇ ਯਿਸੂ ਜ਼ੋਰ ਦਿੰਦਾ ਹੈ ਬਲਕਿ ਉਸ ਦੇ ਪ੍ਰਭੂ ਹੋਣ ਅਤੇ ਲੀਡਰਸ਼ਿਪ ਦੀ ਪਛਾਣ ਵੀ ਹੈ ਕਿ ਮਨ ਵਿਚ ਮਸੀਹਾ ਹੋਣ ਦੀ ਗੱਲ ਹੈ ਜਾਂ ਨਹੀਂ। ਇਹ ਕੋਈ ਖ਼ਿਆਲੀ ਮਸੀਹੀ ਜਾ ਅਣਇਤਿਹਾਸਕ ਮਸੀਹੀ ਨਹੀਂ ਹਨ। ਲੋਕਾਂ ਨੇ ਇਤਿਹਾਸ ਵਾਲੇ ਯਿਸੂ ਨੂੰ ਪਛਾਣ ਲਿਆ ਸੀ ਅਤੇ ਉਸ ਦੇ ਖ਼ੁਦਾ ਹੋਣ ਨੂੰ ਮੰਨ ਲਿਆ ਸੀ।[9]

ਆਇਤਾਂ 6 ਅਤੇ 7 ਵਿਚ ਪੰਜ ਰੂਪਕਾਂ ਦੀ ਵਰਤੋਂ ਕੀਤੀ ਗਈ ਹੈ। (1) ''ਯਿਸੂ ਵਿਚ ਚੱਲਣ'' ਦੀ ਹਦਾਇਤ ਤੋਂ ਸੁਝਾਅ ਮਿਲਦਾ ਹੈ ਕਿ ਯਿਸੂ ਪਗਡੰਡੀ ਹੈ। (2) ''ਜੜ੍ਹ ਫੜ੍ਹਨਾ'' ਪੌਦੇ ਦੇ ਖ਼ੁਰਾਕ ਅਤੇ ਸ਼ਕਤੀ ਲੈਣ ਲਈ ਆਪਣੀਆਂ ਜੜ੍ਹਾਂ ਨੂੰ ਹੇਠਾਂ ਕਰਨ ਦਾ ਸੰਕੇਤ ਦਿੰਦਾ ਹੈ। (3) ''ਉੱਸਰਨਾ'' ਚੰਗੀ ਤਰ੍ਹਾਂ ਨਾਲ ਬਣੀ ਇਮਾਰਤ ਦੀ ਮਜ਼ਬੂਤੀ ਦਾ ਸੰਕੇਤ ਦਿੰਦਾ ਹੈ। (4) ''ਦ੍ਰਿੜ ਹੋਣ'' ਦਾ ਮਤਲਬ ਹੈ ਕਿ ਉਹ ਆਪਣੀ ਨਿਹਚਾ ਵਿਚ ਮਜ਼ਬੂਤ ਹੋ ਗਏ ਸਨ। (5) ''ਉਪਦੇਸ਼ ਹੋਇਆ'' ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਨੂੰ ਪਹਿਲੀਆਂ ਚਾਰ ਗਤੀਵਿਧੀਆਂ ਨੂੰ ਪੂਰਾ ਕਰਨ ਲਈ ਲੋੜੀਂਦੀ ਜਾਣਕਾਰੀ ਸੀ।

ਸੰਖੇਪ ਵਿਚ ਪੌਲੁਸ ਦੀ ਤਾੜਨਾ ਹੈ:

> ... ਜਿਵੇਂ ਤੁਸਾਂ ਮਸੀਹ ਯਿਸੂ ਨੂੰ ਕਬੂਲ ਕੀਤਾ, ''ਤਿਵੇਂ ਤੁਸੀਂ ਉਹਦੇ ਵਿਚ ਚੱਲਦੇ ਜਾਓ'' (ਆਇਤ 6)।
> ਜੜ ਫੜ੍ਹ ਕੇ ''ਉਹਦੇ ਉੱਤੇ ਉੱਸਰ'' ਜਾਓ (ਆਇਤ 7)।
> ਜਿਵੇਂ ਤੁਹਾਨੂੰ ਉਪਦੇਸ਼ ਹੋਇਆ ਸੀ, ''ਆਪਣੀ ਨਿਹਚਾ ਵਿਚ ਦ੍ਰਿੜ ਹੋ'' ਜਾਓ (ਆਇਤ 7)।

### *''ਤਿਵੇਂ ਤੁਸੀਂ ਉਹ ਦੇ ਵਿਚ ਚੱਲਦੇ ਜਾਓ''* (2:6)

**ਚੱਲਦੇ ਜਾਓ** (*peripateō*) ਦੀ ਵਰਤੋਂ ਯਿਸੂ ਦੇ ਝੀਲ ਦੇ ਕੰਢੇ ਚੱਲਣ ਵੇਲੇ ਸਰੀਰਕ ਸਬੰਧ ਵਿਚ ਕੀਤੀ ਗਈ ਸੀ (ਮੱਤੀ 4:18)। ਰੂਹਾਨੀ ਅਰਥ ਵਿਚ ''ਚੱਲਦੇ'' ਤੋਂ ਭਾਵ ਇਕ ਖ਼ਾਸ ਖੇਤਰ ਵਿਚ ਤਰੱਕੀ ਕਰਨਾ ਹੈ। ਚੱਲਣਾ ਹਨੇਰੇ ਵਿਚ (ਯੂਹੰਨਾ 8:12), ਦਿਨ ਜਾਂ ਰਾਤ ਨੂੰ (ਯੂਹੰਨਾ 11:9, 10), ਚਾਨਣ ਵਿਚ (ਯੂਹੰਨਾ 12:35), ਜ਼ਿੰਦਗੀ ਦੇ ਨਵੇਂਪਣ ਵਿਚ (ਰੋਮੀਆਂ 6:4), ਸਰੀਰ ਦੇ ਅਨੁਸਾਰ (ਰੋਮੀਆਂ 8:4), ਨਿਹਚਾ ਨਾਲ (2 ਕੁਰਿੰਥੀਆਂ 5:7), ਆਤਮਾ ਨਾਲ (ਗਲਾਤੀਆਂ

5:16), ਪਾਪ ਵਿਚ (ਅਫ਼ਸੀਆਂ 2:1, 2), ਸ਼ੁੱਭ ਕਰਮਾਂ ਵਿਚ (ਅਫ਼ਸੀਆਂ 2:10), ਪ੍ਰੇਮ ਨਾਲ (ਅਫ਼ਸੀਆਂ 5:2), ਬੇਤਰਤੀਬੀ ਨਾਲ (2 ਥੱਸਲੁਨੀਕੀਆਂ 3:11; KJV), ਅਤੇ ਸਚਿਆਈ ਨਾਲ (2 ਯੂਹੰਨਾ 4) ਹੋ ਸਕਦਾ ਹੈ। ਇਸ ਖ਼ਤ ਵਿਚ ਪੌਲੁਸ ਨੇ ਚਾਰ ਵਾਰ ''ਚੱਲਣ'' ਲਈ ਯੂਨਾਨੀ ਸ਼ਬਦ ਦੀ ਵਰਤੋਂ (1:10; 2:6; 3:7; 4:5; KJV) ਮਸੀਹੀ ਜੀਵਨ ਵਿਚ ਹਿੱਲਜੁੱਲ ਦੇ ਅਰਥ ਵਿਚ ਕੀਤੀ। ਮਸੀਹੀ ਲੋਕਾਂ ਨੂੰ ਨਿਹਚਾ ਵਿਚ ਕਾਇਮ ਰਹਿਣ (1 ਕੁਰਿੰਥੀਆਂ 16:13) ਅਤੇ ਮਸੀਹ ਵਿਚ ਮਜ਼ਬੂਤੀ ਨਾਲ ਚੱਲਣ ਲਈ ਆਖਿਆ ਜਾਂਦਾ ਹੈ, ਪਰ ਕਦੇ ਬੈਠਣ ਲਈ ਨਹੀਂ।

ਕੁਲੁੱਸੀਆਂ ਨੂੰ ਓਸੇ ਭਰੋਸੇ ਅਤੇ ਦਿਲੇਰੀ ਨਾਲ ਯਿਸੂ ਵਿਚ ਚੱਲਣਾ ਸੀ ਜਿਹੜਾ ਉਨ੍ਹਾਂ ਨੂੰ ਉਸ ਨੂੰ ਕਬੂਲ ਕਰਨ ਵੇਲੇ ਮਿਲਿਆ ਸੀ। ਉਨ੍ਹਾਂ ਨੇ ਉਸ ਵਿਚ ਤਦੇ ਚੱਲ ਸਕਣਾ ਸੀ ਜੇ ਉਹ ਉਸ ਵਿਚ ਪ੍ਰਵੇਸ਼ ਕਰਦੇ। ਉਨ੍ਹਾਂ ਨੇ ਯਿਸੂ ਵਿਚ ਤਦੇ ਪ੍ਰਵੇਸ਼ ਕੀਤਾ ਜਦੋਂ ਉਸ ਵਿਚ ਨਿਹਚਾ ਦੇ ਰਾਹੀਂ ਬਪਤਿਸਮੇ ਵਿਚ ਉਹ ਉਹਦੇ ਨਾਲ ਦਫ਼ਨਾਏ ਗਏ (ਰੋਮੀਆਂ 6:3, 4; ਗਲਾਤੀਆਂ 3:26, 27)। ਉਸ ਵਿਚ ਆ ਜਾਣ ਤੇ ਉਨ੍ਹਾਂ ਲਈ ਉਵੇਂ ਹੀ ਚੱਲਣਾ ਜ਼ਰੂਰੀ ਸੀ ਜਿਵੇਂ ਉਹ ਚੱਲਦਾ ਸੀ (1 ਯੂਹੰਨਾ 1:6)।

## ਉਸ ਦੀ ਹੱਲਾਸ਼ੇਰੀ: ਮਸੀਹ ਵਿਚ ਉੱਸਰਣਾ (2:7)

**7ਅਤੇ ਜੜ੍ਹ ਫੜ੍ਹ ਕੇ ਅਤੇ ਉਹ ਦੇ ਉੱਤੇ ਉਸਰ ਕੇ ਅਤੇ ਆਪਣੀ ਨਿਹਚਾ ਵਿਚ ਦ੍ਰਿੜ੍ਹ ਹੋ ਕੇ ਜਿਵੇਂ ਤੁਹਾਨੂੰ ਉਪਦੇਸ਼ ਹੋਇਆ ਸੀ ਧੰਨਵਾਦ ਬਾਹਲਾ ਕਰਦੇ ਜਾਓ।**

### ''ਜੜ੍ਹ ਫੜ੍ਹ ਕੇ'' (2:7)

ਇਹ ਸਮਝਾਉਣ ਲਈ ਕਿ ਮਸੀਹੀ ਲੋਕਾਂ ਨੂੰ ਕਿਸ ਚੀਜ਼ ਦੀ ਲੋੜ ਹੈ ਉਸ ਨੇ **ਜੜ੍ਹ ਫੜ੍ਹ ਕੇ** ''ਉਸਰ ਕੇ'' ਅਤੇ ''ਦ੍ਰਿੜ੍ਹ ਹੋ ਕੇ'' ਤਿੰਨ ਕ੍ਰਿਦੰਤਾਂ ਦੀ ਵਰਤੋਂ ਕੀਤੀ।

''ਜੜ੍ਹ ਫੜ੍ਹ ਕੇ'' (*hrizoo* ਤੋਂ *errizōmenoi*) ਤੋਂ ਭਾਵ ਹੈ ''ਪੈਰ ਲਵਾਉਣਾ।'' ਇਸ ਸ਼ਬਦ ਦੀ ਵਰਤੋਂ ਆਮ ਤੌਰ ਤੇ ਪੱਕੀ ਤਰ੍ਹਾਂ ਨਾਲ ਜੁੜ ਜਾਣ ਦੇ ਪ੍ਰਤੀਕਾਤਮਕ ਅਰਥ ਵਿਚ ਕੀਤੀ ਜਾਂਦੀ ਹੈ। ਨਵੇਂ ਨੇਮ ਵਿਚ ਇਹ ਸ਼ਬਦ ਸਿਰਫ਼ ਇੱਥੇ ਅਤੇ ਅਫ਼ਸੀਆਂ 3:17 ਵਿਚ ਮਿਲਦਾ ਹੈ। ਪੂਰਣ ਕਰਮ ਵਾਚ ਕ੍ਰਿਦੰਤ ਹੋਣ ਕਰਕੇ ''ਜੜ੍ਹ ਫੜ੍ਹ ਕੇ'' ਅਤੀਤ ਵਿਚ ਪੂਰਾ ਹੋ ਚੁਕੇ ਪਰ ਨਤੀਜਾ ਦਿੰਦੇ ਰਹਿਣ ਵਾਲੇ ਕੰਮ ਨੂੰ ਵਿਖਾਉਂਦਾ ਹੈ। ਯਿਸੂ ਨੂੰ ਕਬੂਲ ਕਰਕੇ ਅਤੇ ਉਸ ਵਿਚ ਪ੍ਰਵੇਸ਼ ਕਰਕੇ ਪੌਲੁਸ ਦੇ ਪਾਠਕਾਂ ਨੇ ਉਸ ਵਿਚ ਜੜ੍ਹ ਫੜ੍ਹ ਲਈ ਸੀ। ਯਿਸੂ ਨਾਲ ਇਸ ਸਬੰਧ ਨੂੰ ਬਣਾਈ ਰੱਖ ਕੇ ਉਨ੍ਹਾਂ ਨੇ ਹਮੇਸ਼ਾ ਲਈ ਉਸ ਵਿਚ ਜੜ੍ਹ ਫੜ੍ਹੀ ਰੱਖਣੀ ਸੀ।

ਜ਼ਿਆਦਾਤਰ ਬੂਟਿਆਂ ਨੂੰ ਦੋ ਚੀਜ਼ਾਂ ਦੀ ਲੋੜ ਹੁੰਦੀ ਹੈ ਜਿਸ ਨਾਲ ਵਧ ਕੇ ਉਹ ਮਜ਼ਬੂਤੀ ਨਾਲ ਟਿਕ ਸਕਣ। ਪਹਿਲਾਂ ਉਨ੍ਹਾਂ ਲਈ ਚੰਗੀ ਜ਼ਮੀਨ ਵਿਚ ਜੜ੍ਹ ਲੱਗਣੀ ਜ਼ਰੂਰੀ ਹੈ। ਦੂਜਾ ਉਨ੍ਹਾਂ ਲਈ ਜ਼ਮੀਨ ਵਿਚ ਮਜ਼ਬੂਤੀ ਨਾਲ ਵਧਣਾ ਜ਼ਰੂਰੀ ਹੈ। ਜੜ੍ਹਾਂ ਤੋਂ ਮਜ਼ਬੂਤੀ ਅਤੇ ਵਾਧਾ ਹੁੰਦਾ ਹੈ। ਮਸੀਹੀ ਲੋਕਾਂ ਲਈ ਮਸੀਹ ਵਿਚ ਪੱਕੀ ਜੜ੍ਹ ਰੱਖਣਾ ਜ਼ਰੂਰੀ ਹੈ। ਤਾਂ ਜੋ ਉਹ ਉਸ ਤੋਂ ਮਿਲਣ ਵਾਲੀ ਜ਼ਿੰਦਗੀ ਨਾਲ ਮਜ਼ਬੂਤ ਹੋ ਕੇ ਵਧ ਸਕਣ। ਜੇ ਅਸੀਂ ਯਿਸੂ ਵਿਚ ਮਜ਼ਬੂਤੀ ਨਾਲ ਲਾਏ ਗਏ ਹਾਂ ਤਾਂ ਸਾਡੀ ਜੜ੍ਹ ਅਸਾਨੀ ਨਾਲ ਨਹੀਂ ਹਿੱਲੇਗੀ। ਕੁਲੁੱਸੇ ਦੇ ਲੋਕ ਭਾਵੇਂ ਰਸਤੇ ਤੋਂ ਭਟਕੇ ਨਹੀਂ ਹੋਣਗੇ ਪਰ ਫਿਰ ਵੀ ਪੌਲੁਸ ਨੇ ਉਨ੍ਹਾਂ ਨੂੰ ਉਸ ਜ਼ਿੰਦਗੀ ਵਿਚ ਜਿਸ ਨੂੰ ਉਨ੍ਹਾਂ ਨੇ ਸ਼ੁਰੂ ਕੀਤਾ ਸੀ ਵਧਦੇ ਰਹਿਣ ਲਈ ਹੌਂਸਲਾ ਅਫ਼ਜ਼ਾਈ ਕਰਨੀ ਚਾਹੀ।

**''ਅਤੇ ਉਹ ਦੇ ਉੱਤੇ ਉਸਰ ਕੇ''** (2:7)

**ਉਸਰ ਕੇ** (*epoikodomoumenoi*) ਢਾਂਚਾ ਬਣਾਉਣ, ਗੁਣਾਂ ਨੂੰ ਵਿਕਸਿਤ ਕਰਨ ਜਾਂ ਕਿਸੇ ਕੰਮ ਨੂੰ ਮੰਨਣ ਵਾਲੇ ਲੋਕਾਂ ਨੂੰ ਵਧਾਉਣ ਵਿਚ ਮਦਦ ਕਰਨ ਦੀ ਗੱਲ ਹੈ। ਪੌਲੁਸ ਨੇ ਇਸ ਸ਼ਬਦ ਦੀ ਵਰਤੋਂ ਕਿਸੇ ਦੇ ਕਿਸੇ ਹੋਰ ਦੇ ਕੰਮ ਤੇ ਉਸਾਰਣ ਅਤੇ ਸਹਿਯੋਗ ਭਰੇ ਉਪਰਾਲੇ ਦੇ ਸਬੰਧ ਵਿਚ ਕੀਤੀ (1 ਕੁਰਿੰਥੀਆਂ 3:10–14)। ਪ੍ਰਤੀਕ ਦੇ ਰੂਪ ਵਿਚ ਅਫ਼ਸੀਆਂ 2:20 ਵਿਚ ਇਹ ਦੂਜਿਆਂ ਨੂੰ ਯਿਸੂ ਦੀ ਕਲੀਸੀਆ ਦਾ ਹਿੱਸਾ ਬਣਨ ਦੀ ਗੱਲ ਕਰਦਾ ਹੈ। ਪੌਲੁਸ ਨੇ ਰੂਹਾਨੀ ਢਾਂਚੇ ਨੂੰ ਬਣਾਉਣ ਦੇ ਲਈ ਅਜਿਹੇ ਹੀ ਸ਼ਬਦ ਦੀ ਵਰਤੋਂ ਕੀਤੀ (1 ਪਤਰਸ 2:5), ਅਤੇ ਯਹੂਦਾ ਨੇ ਇਸ ਨੂੰ ਵਿਸ਼ਵਾਸ ਵਿਚ ਵਧਣ ਵਿਚ ਲਾਗੂ ਕੀਤਾ (ਯਹੂਦਾ 20)।

ਵਰਤਮਾਨ ਕ੍ਰਿਦੰਤ ਦੇ ਰੂਪ ਵਿਚ ''ਉਸਰ ਕੇ'' ਲਗਾਤਾਰ ਹੁੰਦੇ ਕੰਮ ਨੂੰ ਵਿਖਾਉਂਦਾ ਹੈ। ਕੁਲੁੱਸੀਆਂ ਲਈ ਮਜ਼ਬੂਤੀ ਨਾਲ ਜੜ੍ਹ ਫੜ੍ਹ ਕੇ, ਮਜ਼ਬੂਤੀ ਨਾਲ ਜੜ੍ਹ ਫੜ੍ਹੇ *ਰੱਖਣਾ* ਜ਼ਰੂਰੀ ਸੀ। ਇਸ ਅਧਾਰ ਤੋਂ ਉਹ ਯਿਸੂ ਵਿਚ ''ਉਸਰ ਦੇ'' ਰਹਿ ਸਕਦੇ ਸਨ।

ਮਸੀਹੀ ਲੋਕ ਖ਼ੁਦਾ ਦਾ ਭਵਨ ਹਨ, ਜਿਸ ਨੂੰ ਰਸੂਲਾਂ, ਨਬੀਆਂ ਦੀ ਨੀਂਹ ਉੱਤੇ ਬਣਾਇਆ ਗਿਆ ਹੈ ਜਿਸ ਦੇ ਕੋਨੇ ਦਾ ਸਿਰਾ ਯਿਸੂ ਹੈ (1 ਕੁਰਿੰਥੀਆਂ 3:9, 11; ਅਫ਼ਸੀਆਂ 2:20, 21)। ਸਿਰ ਅਤੇ ਅੰਗਾਂ ਭਾਵ ਕਲੀਸੀਆ ਵੱਲੋਂ ਜੋ ਵੀ ਦਿੱਤਾ ਜਾਂਦਾ ਹੈ ਉਸ ਨਾਲ ਕਲੀਸੀਆ ਉਸਰਦੀ ਹੈ (ਅਫ਼ਸੀਆਂ 4:12, 16; 1 ਥੱਸਲੁਨੀਕੀਆਂ 5:11; 1 ਪਤਰਸ 2:5)। ਸਿੱਧ ਹੋਣ ਲਈ ਮਸੀਹੀ ਲੋਕਾਂ ਲਈ ਉਸ ਵਿਚ ਬਣੇ ਰਹਿਣਾ ਅਤੇ ਉਸ ਵਿਚ ਮਿਲਣ ਵਾਲੇ ਗਿਆਨ ਨਾਲ ਨਵੇਂ ਹੁੰਦੇ ਰਹਿਣਾ ਜ਼ਰੂਰੀ ਹੈ (ਕੁਲੁੱਸੀਆਂ 3:10)। ਮਸੀਹ ਲਈ ਵਫ਼ਾਦਾਰੀ ਅਤੇ ਉਹਦੇ ਨਾਲ ਨਜ਼ਦੀਕੀ ਸਬੰਧ ਰੂਹਾਨੀ ਪਰਿਪੱਕਤਾ ਜਾਂ ਸਿੱਧਤਾ ਲਈ ਜ਼ਰੂਰੀ ਹੈ। **ਉਹ ਦੇ ਉੱਤੇ** ਰੂਹਾਨੀ ਜ਼ਿੰਦਗੀ ਦੇ ਵਸੀਲੇ ਅਤੇ ਬਣਤਰ ਦਾ ਸੁਝਾਅ ਦਿੰਦਾ ਹੈ ਜੋ ਭਾਈਆਂ ਨੂੰ ਨਿਹਚਾ ਵਿਚ ਮਜ਼ਬੂਤ ਬਣਾਉਂਦਾ ਹੈ। ਜੇ ਅਸੀਂ ਉਸ ਵਿਚ ਉਸਰਦੇ ਹਾਂ ਤਾਂ ਸਾਨੂੰ ਉਸ ਦੀ ਸ਼ਕਤੀ ਮਿਲੇਗੀ ਅਤੇ ਰੂਹਾਨੀ ਤੌਰ ਤੇ ਅਸੀਂ ਆਸਾਨੀ ਨਾਲ ਡਿੱਗਾਂਗੇ ਜਾਂ ਨਾਸ ਨਹੀਂ ਹੋਵਾਂਗੇ।

ਰੂਹਾਨੀ ਵਿਕਾਸ ਯਿਸੂ ਵੱਲੋਂ ਮਿਲਦਾ ਹੈ ਇਸ ਕਰਕੇ ਕੁਲੁੱਸੀਆਂ ਨੂੰ ਵਧਦੇ ਰਹਿਣ ਲਈ ਕਿਸੇ ਹੋਰ ਵਸੀਲੇ ਨੂੰ ਵੇਖਣ ਦੀ ਲੋੜ ਨਹੀਂ ਸੀ। ਉਨ੍ਹਾਂ ਨੂੰ ਓਸੇ ਤੋਂ ਆਪਣੇ ਵਧਣ ਦੀ ਚਾਹ ਰੱਖਣੀ ਜ਼ਰੂਰੀ ਸੀ। ਜਿਸ ਵਿਚ ਉਹ ਬੀਜੇ ਗਏ ਸਨ। ਮਸੀਹ ਵਿਚ ਜੜ੍ਹ ਫੜ੍ਹਨ ਦਾ ਮਤਲਬ ਹੈ ਕਿ ਇਨ੍ਹਾਂ ਦਾ ਵਾਅਦਾ ਓਸੇ ਤੋਂ ਹੋਣ ਵਾਲਾ ਸੀ। ਉਹ ਆਪਣੀ ਨੀਂਹ ਦੇ ਰੂਪ ਵਿਚ ਯਿਸੂ ਉੱਤੇ ਉੱਸਰੇ ਸਨ ਜਿਸ ਕਰਕੇ ਉਹ ਮਜ਼ਬੂਤ ਨੀਂਹ ਨੂੰ ਬਾਰ ਬਾਰ ਰੱਖਣ ਦੀ ਲੋੜ ਨਹੀਂ ਹੋਣੀ ਸੀ (ਇਬਰਾਨੀਆਂ 6:1)।

ਭਲਾ ਰੂਹਾਨੀ ਸਿੱਧਤਾ ਨੂੰ ਵਧਾਉਣ ਲਈ ਕੋਈ ਹੋਰ ਤਰੀਕਾ ਹੈ? ਕਲੀਸੀਆ ਦੇ ਸੰਸਕਾਰ ਅਤੇ ਜਜ਼ਬਾਤਾਂ ਨਾਲ ਭਰੇ ਵਿਹਾਰ ਜਿਨ੍ਹਾਂ ਨੂੰ ਪਵਿੱਤਰ ਆਤਮਾ ਨਾਲ ਜੋੜਿਆ ਜਾਂਦਾ ਹੈ ਮਸੀਹ ਵਿਚ ਵਧਣ ਦਾ ਤਰੀਕਾ ਨਹੀਂ ਹਨ। ਰੂਹਾਨੀ ਤੌਰ ਤੇ ਵਧਣ ਲਈ ਇਨ੍ਹਾਂ ਗੁਣਾਂ ਨੂੰ ਪਾਉਣ ਦੀ ਚਾਹ ਰੱਖਣ ਵਾਲਿਆਂ ਨੂੰ ਇਹ ਸਮਝ ਨਹੀਂ ਆਉਂਦੀ ਕਿ ਹਰ ਰੂਹਾਨੀ ਤਰੱਕੀ ਯਿਸੂ ਵਿਚ ਹੁੰਦੀ ਹੈ।

**''ਅਤੇ ਆਪਣੀ ਨਿਹਚਾ ਵਿਚ ਦ੍ਰਿੜ੍ਹ ਹੋ ਕੇ ਜਿਵੇਂ ਤੁਹਾਨੂੰ ਉਪਦੇਸ਼ ਹੋਇਆ ਸੀ''** (2:7)

**ਦ੍ਰਿੜ੍ਹ ਹੋ ਕੇ** (*bebaioumenoi*) ਦਾ ਅਰਥ ਮੁੱਖ ਤੌਰ ਤੇ ''ਬਿਨਾਂ ਸ਼ਕ ਸਾਬਿਤ ਕੀਤਾ ਗਿਆ'' ਹੈ। ਅਜਿਹੇ ਸਬੂਤ ਦੀ ਉਦਾਹਰਣ ਵਚਨ ਦੇ ਸੁਣਾਏ ਜਾਣ ਤੇ ਇਸ ਦੀ ਤਸਦੀਕ ਹੋਣਾ ਹੈ (ਮਰਕੁਸ 16:20)। ਇਹ ਪ੍ਰਗਟਾਵਾ ਮਸੀਹ ਦੇ ਸਬੰਧ ਵਿਚ ਸਾਬਤ ਹੋ ਚੁਕੇ ਵਾਇਦਿਆਂ (ਰੋਮੀਆਂ 15:8) ਅਤੇ ਤਸਦੀਕ ਹੋ ਚੁਕੀ ਗਵਾਹੀ ਲਈ ਵੀ ਵਰਤਿਆ ਗਿਆ ਹੈ (1 ਕੁਰਿੰਥੀਆਂ 1:6)। ਪਵਿੱਤਰ ਆਤਮਾ ਨੇ ਪੌਲੁਸ ਦੀ ਅਸਲ ਰਸਾਲਤ ਦੇ ਨਿਸ਼ਾਨ ਦੇ ਰੂਪ ਵਿਚ ਕੁਰਿੰਥੀਆਂ ਨੂੰ ਮੋਅਜਜ਼ੇ ਕਰਨ ਦੇ

ਦਾਨ ਦਿੱਤੇ (1 ਕੁਰਿੰਥੀਆਂ 9:1, 2; 12:4–11; 2 ਕੁਰਿੰਥੀਆਂ 12:12)। ''ਦ੍ਰਿੜ੍ਹ ਹੋ ਕੇ'' ਦੀ ਵਰਤੋਂ ਲੋਕਾਂ ਦੇ ਮਜ਼ਬੂਤ ਇਰਾਦੇ ਭਾਵ ਈਮਾਨ ਅਤੇ ਮਕਸਦ ਵਿਚ ਮਜ਼ਬੂਤ ਹੋਣ ਲਈ ਹੀ ਵਰਤੀ ਗਈ ਹੈ (1 ਕੁਰਿੰਥੀਆਂ 1:8; 2 ਕੁਰਿੰਥੀਆਂ 1:21; ਇਬਰਾਨੀਆਂ 13:9)।

ਕੁਲੁੱਸੇ ਦ ਲੋਕ **ਨਿਹਚਾ ਵਿਚ** ਉਵੇਂ ਹੀ **ਦ੍ਰਿੜ੍ਹ** ਸਨ **ਜਿਵੇਂ** *[ਉਨ੍ਹਾਂ ਨੂੰ]* ਉਪਦੇਸ਼ ਹੋਇਆ ਸੀ। ''*ਆਪਣੀ* ਨਿਹਚਾ ਵਿਚ'' ਦੀ ਥਾਂ ਯੂਨਾਨੀ ਧਰਮ ਪੁਸਤਕ ਵਿਚ ***tē pistei*** ਜਿਵੇਂ ਕਿ 1:23 ਵਿਚ ''ਨਿਹਚਾ *[ਵਿਚ]*'' ਹੈ। ''ਨਿਹਚਾ'' ਤੋਂ ਪੌਲੁਸ ਦਾ ਭਾਵ ਪੂਰੀ ਮਸੀਹੀ ਸਿੱਖਿਆ ਭਾਵ ਪਰਗਟ ਕੀਤੀ ਗਈ ਸਚਿਆਈ ਹੈ ਜਿਸ ਨੂੰ ਮਸੀਹੀ ਲੋਕਾਂ ਵੱਲੋਂ ਮੰਨਿਆ ਜਾਣਾ ਜ਼ਰੂਰੀ ਹੈ।

''ਉਪਦੇਸ਼ ਹੋਇਆ ਸੀ'' (*didaskō*) ਸਿਖਾਉਣ ਜਾਂ ਕਿਸੇ ਨੂੰ ਕੁਝ ਕਰਨ ਲਈ ਦੱਸਣ ਵਾਸਤੇ ਵਰਤਿਆ ਜਾਣ ਵਾਲਾ ਆਮ ਸ਼ਬਦ ਹੈ (ਮੱਤੀ 4:23; 28:15)। ਪੌਲੁਸ ਚਾਹੁੰਦਾ ਸੀ ਕਿ ਕੁਲੁੱਸੇ ਦੇ ਲੋਕ ਉਸ ਸਿੱਖਿਆ ਵਿਚ ਬਣੇ ਰਹਿਣ ਜਿਹੜੀ ਉਨ੍ਹਾਂ ਨੇ ਖ਼ੁਦਾ ਦੇ ਵਚਨ ਤੋਂ ਸਿੱਖੀ ਸੀ (ਰੋਮੀਆਂ 10:17)। ਉਨ੍ਹਾਂ ਲਈ ਨਿਹਚਾ ਵਿਚ ਮਜ਼ਬੂਤ ਹੋਣਾ, ਆਪਣੀਆਂ ਜ਼ਿੰਦਗੀਆਂ ਨੂੰ ਉਨ੍ਹਾਂ ਸਚਿਆਈ ਉੱਤੇ ਉਸਾਰਨਾ ਜੋ ਉਨ੍ਹਾਂ ਨੇ ਸੁਣੀਆਂ ਸਨ ਅਤੇ ਸਿੱਖਦੇ ਰਹਿਣਾ ਜ਼ਰੂਰੀ ਸੀ। ਜੇ ਉਹ ਆਪਣੀ ਨਿਹਚਾ ਵਿਚ ਮਜ਼ਬੂਤ ਹੋ ਜਾਂਦੇ ਤਾਂ ਉਨ੍ਹਾਂ ਨੇ ਆਸਾਨੀ ਨਾਲ ਇਸ ਸਿੱਖਿਆ ਤੋਂ ਮੁੜਨਾ ਨਹੀਂ ਸੀ ਜਾਂ ਨਿਹਚਾ ਤੋਂ ਛੇਤੀ ਫਿਰਨਾ ਨਹੀਂ ਸੀ।

ਇਪਫ੍ਰਾਸ ਨੇ ਉਨ੍ਹਾਂ ਨੂੰ ਸਹੀ ਢੰਗ ਨਾਲ ਸਿਖਾਇਆ ਸੀ। ਇਸ ਸਿੱਖਿਆ ਤੋਂ ਦੂਰ ਜਾਣ ਦੀ ਥਾਂ ਉਨ੍ਹਾਂ ਲਈ ਉਨ੍ਹਾਂ ਹਦਾਇਤਾਂ ਵਿਚ ਜੋ ਉਸ ਨੇ ਉਨ੍ਹਾਂ ਨੂੰ ਰੂਹਾਨੀ ਤੌਰ ਤੇ ਮਜ਼ਬੂਤ ਬਣਨ ਲਈ ਦਿੱਤੀਆਂ ਸਨ, ਮਜ਼ਬੂਤੀ ਨਾਲ ਬਣੇ ਰਹਿਣਾ ਜ਼ਰੂਰੀ ਸੀ। ਪੌਲੁਸ ਨੂੰ ਇਸ ਵਿਚ ਕੋਈ ਸ਼ੱਕ ਨਹੀਂ ਸੀ ਕਿ ਉਨ੍ਹਾਂ ਨੂੰ ਸਹੀ ਢੰਗ ਨਾਲ ਸਿਖਾਇਆ ਗਿਆ ਹੈ ਜਾਂ ਉਸ ਨੂੰ ਕੋਈ ਸ਼ੱਕ ਨਹੀਂ ਸੀ ਕਿ ਉਨ੍ਹਾਂ ਦੀ ਜ਼ਿੰਦਗੀ ਕਿਹੋ ਜਿਹੀ ਹੋਣੀ ਚਾਹੀਦੀ ਹੈ। ਉਸ ਨੇ ਉਨ੍ਹਾਂ ਨੂੰ ਓਸੇ ਵਿਚ ਬਣੇ ਰਹਿਣ ਲਈ ਜਿਸ ਨੂੰ ਉਨ੍ਹਾਂ ਨੇ ਸ਼ੁਰੂ ਕੀਤਾ ਸੀ ਅਤੇ ਆਪਣੀਆਂ ਜ਼ਿੰਦਗੀਆਂ ਨੂੰ ਯਿਸੂ ਵੱਲੋਂ ਦਿੱਤੇ ਨਮੂਨੇ ਅਨੁਸਾਰ ਢਾਲਦੇ ਰਹਿਣ ਲਈ ਦਿਲੇਰ ਕੀਤਾ।

ਮਨੁੱਖ ਲਈ ਜ਼ਿੰਦਾ ਰਹਿਣ ਵਾਸਤੇ ਖ਼ੁਦਾ ਦਾ ਵਚਨ ਜ਼ਰੂਰੀ ਹੈ (ਵੇਖੋ ਮੱਤੀ 4:4)। ਪੌਲੁਸ ਨੇ ਲਿਖਿਆ ਕਿ ਸਾਰੀ ਲਿਖਤ ਖ਼ੁਦਾ ਦੀ ਪ੍ਰੇਰਨਾ ਨਾਲ ਦਿੱਤੀ ਗਈ ਹੈ ਅਤੇ ਇਸ ਵਿਚ ਉਹ ਸਚਿਆਈਆਂ ਹਨ ਜੋ ਇਕ ਮਸੀਹੀ ਆਦਮੀ ਨੂੰ ''ਕਾਬਲ ਅਤੇ ਹਰੇਕ ਭਲੇ ਕੰਮ ਲਈ ਤਿਆਰ ਕੀਤਾ ਹੋਇਆ'' ਬਣਾ ਦਿੰਦੀਆਂ ਹਨ (2 ਤਿਮੋਥਿਉਸ 3:16, 17)। ਇਸੇ ਕਰਕੇ ਪੌਲੁਸ ਨੇ ਤਿਮੋਥਿਉਸ ਨੂੰ ਵਚਨ ਦੀ ਸਿੱਖਿਆ ਦਿੰਦੇ ਰਹਿਣ ਅਤੇ ਪ੍ਰਚਾਰ ਕਰਨ ਲਈ ਆਖਿਆ (1 ਤਿਮੋਥਿਉਸ 4:11; 6:2; 2 ਤਿਮੋਥਿਉਸ 2:2; 4:2)। ਪਤਰਸ ਨੇ ਸਮਝਾਇਆ ਕਿ ਇਹਦੇ ਨਾਲ ਤਰੱਕੀ ਹੁੰਦੀ ਹੈ (1 ਪਤਰਸ 2:2)। ਵਚਨ ਨੂੰ ਸਿਖਾਉਣਾ ਮਸੀਹੀ ਸਥਿਰਤਾ ਅਤੇ ਰੂਹਾਨੀ ਸ਼ਕਤੀ ਦਾ ਆਧਾਰ ਹੈ (ਇਬਰਾਨੀਆਂ 4:12)।

ਪੌਲੁਸ ਆਪਣੇ ਪਾਠਕਾਂ ਨੂੰ ਨਵੀਂ ਸਿੱਖਿਆ ਨਹੀਂ ਦੇ ਰਿਹਾ ਸੀ। ਉਨ੍ਹਾਂ ਨੇ ਉਨ੍ਹਾਂ ਸਚਿਆਈਆਂ ਨੂੰ ਕਬੂਲ ਕੀਤਾ ਸੀ ਜਿਨ੍ਹਾਂ ਦੀ ਉਨ੍ਹਾਂ ਨੂੰ ਲੋੜ ਸੀ। ਨਵੀਆਂ ਸਚਿਆਈਆਂ ਦੀ ਭਾਲ ਦੀ ਥਾਂ ਉਨ੍ਹਾਂ ਲਈ ਓਸੇ ਸਿੱਖਿਆ ਵਿਚ ਬਣੇ ਰਹਿਣਾ ਜ਼ਰੂਰੀ ਸੀ ਜਿਹੜੀ ਉਨ੍ਹਾਂ ਨੇ ਪਾਈ ਸੀ। ਕੋਈ ਵੀ ਨਵੀਂ ਸਿੱਖਿਆ ਜਿਹੜੀ ਉਸ ਨਾਲ ਮੇਲ ਨਹੀਂ ਖਾਂਦੀ ਜਿਹੜੀ ਉਨ੍ਹਾਂ ਨੂੰ ਮਿਲੀ ਸੀ ਗਲਤ ਸਿੱਖਿਆ ਹੋਣੀ ਸੀ (ਵੇਖੋ ਗਲਾਤੀਆਂ 1:7, 8)। ਸਾਨੂੰ ਜੋ ਕੁਝ ਯਿਸੂ ਵੱਲੋਂ ਪਰਗਟ ਕੀਤਾ ਗਿਆ ਹੈ ਉਸ ਦੇ ਬਾਹਰ ਨਵੀਂ ਸਿੱਖਿਆ ਦੀ ਭਾਲ ਨਹੀਂ ਕਰਨੀ ਚਾਹੀਦੀ ਬਲਕਿ ਓਸੇ ਸਚਿਆਈ ਵਿਚ ਜਿਹੜੀ ਉਸ ਨੇ ਦਿੱਤੀ ਹੈ ਸਿੱਧਤਾ ਵੱਲ ਵਧਣਾ ਜ਼ਰੂਰੀ ਹੈ (ਇਬਰਾਨੀਆਂ 6:1)।

**''ਧੰਨਵਾਦ ਬਾਹਲਾ ਕਰਦੇ ਜਾਓ''** (2:7)

ਉਨ੍ਹਾਂ ਦੀ ਨਿਹਚਾ ਦਾ ਟੀਚਾ ਅਤੇ ਉਨ੍ਹਾਂ ਦੀ ਆਸ ਦੀ ਉਮੀਦ ਹਮੇਸ਼ਾ ਦੀ ਜ਼ਿੰਦਗੀ ਸੀ, ਇਸ ਕਰਕੇ ਉਨ੍ਹਾਂ ਦੇ ਦਿਲ **ਬਾਹਲਾ** (*perisseuō*) ਡੁੱਲ੍ਹ ਡੁੱਲ੍ਹ ਪੈਂਦੇ ਹੋਣੇ ਚਾਹੀਦੇ ਸਨ। ਲਗਾਤਾਰ ਕੰਮ ਨੂੰ ਵਿਖਾਉਂਦੇ ਹੋਏ ਪੌਲੁਸ ਨੇ ਫੇਰ ਵਰਤਮਾਨ ਕ੍ਰਿਦੰਤ ਦੀ ਵਰਤੋਂ ਕੀਤੀ। ਉਸ ਦੇ ਕਹਿਣ ਦਾ ਮਤਲਬ ਸੀ ਕਿ ਉਨ੍ਹਾਂ ਨੂੰ **ਧੰਨਵਾਦ** ਨਾਲ ''ਵਧਦੇ'' ਜਾਂ ''ਭਰਦੇ'' ਰਹਿਣਾ ਚਾਹੀਦਾ ਹੈ। ਉਨ੍ਹਾਂ ਦਾ ਧੰਨਵਾਦ ਭਾਵੇਂ ਪਹਿਲਾਂ ਹੀ ਬਾਹਲਾ ਭਾਵ ਡੁੱਲ੍ਹ ਡੁੱਲ੍ਹ ਪੈ ਰਿਹਾ ਸੀ ਪਰ ਫਿਰ ਵੀ ਪੌਲੁਸ ਨੇ ਕੁਲੁੱਸੀਆਂ ਨੂੰ ਖ਼ੁਦਾ ਲਈ ਆਪਣੀ ਸ਼ੁਕਰਗੁਜਾਰੀ ਵਿਚ ਬਣੇ ਰਹਿਣ ਲਈ ਦਿਲੇਰ ਕੀਤਾ।

ਸੁਰਗ ਵੱਲ ਨੂੰ ਤੱਕਣ ਦੇ ਇਲਾਵਾ ਕੁਲੁੱਸੇ ਦੇ ਲੋਕ ਉਨ੍ਹਾਂ ਬਰਕਤਾਂ ਲਈ ਜੋ ਉਨ੍ਹਾਂ ਨੂੰ ਭਗਤੀ ਭਰੇ ਜੀਵਨ ਤੋਂ ਮਿਲ ਰਹੀਆਂ ਸਨ, ਪਾਪ ਦੇ ਦੋਸ਼ ਤੋਂ ਅਜ਼ਾਦੀ, ਅਤੇ ਉਸ ਸ਼ਕਤੀ ਲਈ ਜਿਹੜੀ ਯਿਸੂ ਅਤੇ ਆਪਣੇ ਸਾਥੀ ਮਸੀਹੀ ਲੋਕਾਂ ਨਾਲ ਮਿਲੀ ਸੀ, ਸ਼ੁਕਰਗੁਜਾਰੀ ਕਰ ਸਕਦੇ ਸਨ। ਇਹ ਸਮਝ ਕਿ ਇਹ ਫ਼ਾਇਦੇ ਖ਼ੁਦਾ ਵੱਲੋਂ ਹੀ ਮਿਲੇ ਸਨ ਨਾ ਕਿ ਉਨ੍ਹਾਂ ਦੀਆਂ ਆਪਣੀਆਂ ਪ੍ਰਾਪਤੀਆਂ ਨਾਲ ਉਹਦੀ ਤਾਰੀਫ਼ ਕਰਨ ਲਈ ਕਾਫੀ ਹੋਣੇ ਚਾਹੀਦੇ ਸਨ ਜਿਹੜਾ ਸਾਰੀਆਂ ਬਰਕਤਾਂ ਨੂੰ ਦੇਣ ਵਾਲਾ ਹੈ (ਯਾਕੂਬ 1:17)। ਮਸੀਹ ਦੇ ਰਾਹੀਂ ਉਨ੍ਹਾਂ ਦੇ ਫ਼ਾਇਦੇ ਹਲੀਮੀ ਨਾਲ ਸ਼ੁਕਰਗੁਜਾਰੀ ਵਾਲੇ ਉਨ੍ਹਾਂ ਦੇ ਮਨ ਨਾਲ ਭਰ ਜਾਣੇ ਚਾਹੀਦੇ ਸਨ।

ਸ਼ੁਕਰਗੁਜਾਰੀ ਜਾਂ ਧੰਨਵਾਦ ਨਾਲ ਸੰਤੁਸ਼ਟੀ ਆਉਂਦੀ ਹੈ। ਜਿਸ ਨਾਲ ਟਿਕੇ ਰਹਿਣ ਵਾਲਾ ਪ੍ਰਭਾਵ ਮਿਲਦਾ ਹੈ। ਉਹ ਲੋਕ ਜੋ ਕੁਝ ਉਨ੍ਹਾਂ ਕੋਲ ਹੈ ਉਸ ਨਾਲ ਖੁਸ਼ ਹੁੰਦੇ ਹਨ ਅਤੇ ਉਸ ਦਾ ਆਨੰਦ ਲੈਂਦੇ ਹਨ। ਯਿਸੂ ਮਨ ਨੂੰ ਉਵੇਂ ਸੰਤੁਸ਼ਟ ਕਰਦਾ ਅਤੇ ਭਰਦਾ ਹੈ ਜਿਵੇਂ ਕੋਈ ਹੋਰ ਨਹੀਂ ਕਰ ਸਕਦਾ (ਯੂਹੰਨਾ 4:14)। ਕੁਲੁੱਸੀਆਂ ਨੂੰ ਆਪਣੀਆਂ ਰੂਹਾਨੀ ਲੋੜਾਂ ਦੀ ਪੂਰਤੀ ਅਤੇ ਸ਼ੁਕਰਗੁਜਾਰੀ ਨਾਲ ਆਪਣੇ ਮਨਾਂ ਨੂੰ ਭਰਨ ਲਈ ਕਿਸੇ ਹੋਰ ਦੀ ਲੋੜ ਨਹੀਂ ਸੀ।

ਇਸ ਭਾਗ ਵਿਚ ਚੁਣੌਤੀ ਬਿਲਕੁਲ ਸਾਫ਼ ਹੈ ਕਿ ਪੌਲੁਸ ਕੁਲੁੱਸੇ ਦੇ ਮਸੀਹੀ ਲੋਕਾਂ ਲਈ ਪੱਕੀ ਤਰੱਕੀ ਦਾ ਚਾਹਵਾਨ ਸੀ। ਆਰ. ਸੀ. ਲੁਕਸ ਨੇ ਇਸ ਨੂੰ ਇਵੇਂ ਸੰਖੇਪ ਕੀਤਾ ਹੈ:

> ਤਾਂ ਇਸ ਭਾਗ ਦਾ ਤੀਹਰਾ ਫ਼ਰਮਾਨ ਵਿਖਾਉਂਦਾ ਹੈ ਕਿ ਪੌਲੁਸ ਤ੍ਰਿਪਤੀ ਦਾ ਸੱਜਣ ਨਹੀਂ ਹੈ। ਉਹ ਆਪਣੇ ਪਾਠਕਾਂ ਨੂੰ ਜ਼ਿੰਦਗੀ ਦੇ ਪੂਰੀ ਤਰ੍ਹਾਂ ਨਾਲ ਮੇਲ ਖਾਂਦੇ, ਸੁਸੰਗਤ ਢੰਗ, ਰੂਹਾਨੀ ਕਦ ਦੀ ਪੂਰਣਤਾ ਅਤੇ ਗਿਆਨ ਦੀ ਪੂਰੀ ਸਮਝ ਪਾਉਣ ਲਈ ਆਖਦਾ ਹੈ। ਪਰ ਇਹ ਅਸਲ ਵਿਕਾਸ ਹੋਵੇ ਜਿਹੜਾ ਮਸੀਹ ਦੀ ਬਚਾਉਣ ਵਾਲੀ ਇੰਜੀਲ ਦੇ ਵਧਣ ਦੇ ਨਾਲ ਵਧਦਾ ਹੋਵੇ।[10]

## ਪ੍ਰਾਸੰਗਿਕਤਾ

**ਮਸੀਹ ਬੁੱਧ ਅਤੇ ਗਿਆਨ ਦਾ ਦੇਣ ਵਾਲਾ**

ਪੌਲੁਸ ਨੇ ਮਸੀਹ ਦੇ ਮਹਤਵ ਅਤੇ ਇਖ਼ਤਿਆਰ ਦੀ ਗੱਲ ਮਜ਼ਬੂਤੀ ਨਾਲ ਰੱਖੀ। ਸਾਨੂੰ ਪੌਲੁਸ ਦੇ ਨਮੂਨੇ ਨੂੰ ਮੰਨਣਾ ਅਤੇ ਲੋਕਾਂ ਨੂੰ ਯਿਸੂ ਦੇ ਸਚਮੁਚ ਦੇ ਪੈਰੋਕਾਰ ਬਣਨਾ ਸਿਖਾਉਣ ਲਈ ਫ਼ਿਕਰਮੰਦ ਹੋਣਾ ਜ਼ਰੂਰੀ ਹੈ।

ਪੌਲੁਸ ਵਾਂਗ ਸਾਨੂੰ ਲੋਕਾਂ ਨੂੰ ਆਪਣੀਆਂ ਜ਼ਿੰਦਗੀਆਂ ਵਿਚ ਯਿਸੂ ਦੀ ਅਹਿਮੀਅਤ ਨੂੰ ਸਮਝਾਉਣ ਲਈ ਉਪਰਾਲੇ ਕਰਦੇ ਰਹਿਣਾ ਚਾਹੀਦਾ ਹੈ। ਇਹਦਾ ਮਤਲਬ ਇਹ ਹੈ ਕਿ ਸਾਡੀਆਂ ਕੋਸ਼ਿਸ਼ਾਂ ਉਵੇਂ ਹੀ ਹੋਣ ਜਿਵੇਂ ਪੌਲੁਸ ਦੀਆਂ ਸਨ। ਉਹ ਸੰਘਰਸ਼ ਕਰਦਾ ਸੀ ਜੋ ਮਸੀਹੀ ਲੋਕਾਂ ਨੂੰ ਇਹ ਗੱਲਾਂ ਮਿਲ ਸਕਣ।

(1) *ਦਲੇਰ ਮਨ।* ਸਮਰਪਿਤ ਮਸੀਹੀ ਉਹ ਹਨ ਜਿਨ੍ਹਾਂ ਦੇ ਮਨ ਆਪਣੇ ਸਰਗਰਮ ਵਿਸ਼ਵਾਸ ਦੇ ਵਧਣ ਅਤੇ ਨਤੀਜੇ ਨੂੰ ਵੇਖ ਕੇ ਖੁਸ਼ ਹੁੰਦੇ ਹਨ। ਯੂਹੰਨਾ ਇਹ ਜਾਣ ਕੇ ਸਚਿਆਈ ਨਾਲ ਭਰ

ਗਿਆ (3 ਯੂਹੰਨਾ 4)।

ਜਦ ਹਾਲਾਤ ਮੁਸ਼ਕਿਲ ਹੋ ਜਾਣ ਅਤੇ ਲੱਗੇ ਕਿ ਕੁਝ ਨਹੀਂ ਬਣਨ ਵਾਲਾ ਤਾਂ ਹਿੰਮਤ ਹਾਰ ਜਾਣਾ ਆਸਾਨ ਹੁੰਦਾ ਹੈ। ਜੋਸ਼ ਨਾਲ ਭਰੇ ਰਹਿਣ ਲਈ ਇਹ ਜਾਣਦਿਆਂ ਕਿ ਅਖ਼ੀਰ ਵਿਚ ਸਾਡੀ ਹਰ ਕੋਸ਼ਿਸ਼ ਨੂੰ ਬਰਕਤ ਮਿਲੇਗੀ ਸਾਨੂੰ ਆਪਣੇ ਨਿਸ਼ਾਨੇ ਉੱਤੇ ਨਜ਼ਰਾਂ ਟਿਕਾਈ ਰੱਖਣਾ ਜ਼ਰੂਰੀ ਹੁੰਦਾ ਹੈ। ਪੌਲੁਸ ਨੇ ਲਿਖਿਆ ਹੈ ਕਿ ਇਹ ਜਾਣਦਿਆਂ ਕਿ ਪ੍ਰਭੂ ਵਿਚ ਤੁਹਾਡੀ ਮਿਹਨਤ ਥੋਥੀ ਨਹੀਂ ਹੈ। ਸਾਨੂੰ ਯਿਸੂ ਦੀ ਸੇਵਾ ਕਰਦੇ ਰਹਿਣਾ ਚਾਹੀਦਾ ਹੈ (1 ਕੁਰਿੰਥੀਆਂ 15:58)।

ਮੁਸੀਬਤਾਂ ਆਉਣ ਤੇ ਨਿਰਾਸ਼ ਹੋਣ ਦੀ ਥਾਂ ਸਾਨੂੰ ਉਨ੍ਹਾਂ ਫ਼ਾਇਦਿਆਂ ਕਰਕੇ ਜਿਹੜੇ ਸਾਨੂੰ ਮਿਲ ਸਕਦੇ ਹਨ, ਜਿਵੇਂ ਧੀਰਜ, ਚਰਿੱਤਰ ਅਤੇ ਧਾਰਮਿਕਤਾ ਵਿਚ ਵਾਧਾ ਦਲੇਰ ਹੋਣਾ ਚਾਹੀਦਾ ਹੈ (ਰੋਮੀਆਂ 5:3, 4; ਯਾਕੂਬ 1:2; ਇਬਰਾਨੀਆਂ 12:11)। ਅਜ਼ਮਾਇਸ਼ਾਂ ਦਾ ਮਤਲਬ ਇਹੋ ਸਕਦਾ ਹੈ ਕਿ ਖ਼ੁਦਾ ਤੁਹਾਡੇ ਨਾਲ ਪਿਆਰ ਕਰਦਾ ਹੈ ਅਤੇ ਆਪਣੇ ਫ਼ਾਇਦੇ ਲਈ ਵਰਤਣ ਵਾਸਤੇ ਸਾਨੂੰ ਚੰਗੇ ਔਜ਼ਾਰ ਬਣਾਉਣ ਅਤੇ ਸਾਡੀਆ ਜ਼ਿੰਦਗੀਆਂ ਨੂੰ ਢਾਲਣ ਦਾ ਕੰਮ ਕਰ ਰਿਹਾ ਹੈ। ''ਕਿਉਂ ਜੋ ਜਿਹ ਦੇ ਨਾਲ ਪਿਆਰ ਕਰਦਾ ਹੈ, ਪ੍ਰਭੂ ਉਹ ਨੂੰ ਤਾੜਦਾ ਹੈ, ਅਤੇ ਹਰੇਕ ਪੁੱਤਰ ਨੂੰ ਜਿਹ ਨੂੰ ਉਹ ਕਬੂਲ ਕਰਦਾ ਹੈ ਉਹ ਕੋਰੜੇ ਮਾਰਦਾ ਹੈ'' (ਇਬਰਾਨੀਆਂ 12:6)।

ਆਪਣੇ ਸਾਰੇ ਸੰਘਰਸ਼ਾਂ, ਮੁਸ਼ਕਿਲਾਂ ਅਤੇ ਸਿਤਮਾਂ ਦੌਰਾਨ ਪੌਲੁਸ ਨੇ ਦਿਲ ਨਹੀਂ ਛੱਡਿਆ (2 ਕੁਰਿੰਥੀਆਂ 4:1)। ਸਾਨੂੰ ਆਪਣੇ ਦੁੱਖ ਦੌਰਾਨ ਪੌਲੁਸ ਦੀ ਦਲੇਰੀ ਨਾਲ ਬਹੁਤ ਹਿੰਤਮ ਮਿਲ ਸਕਦੀ ਹੈ, ''ਮੇਰੀ ਸਮਝ ਵਿਚ ਇਸ ਵਰਤਮਾਨ ਸਮੇਂ ਦੇ ਦੁਖ ਉਹ ਪਰਤਾਪ ਨਾਲ ਜੋ ਸਾਡੀ ਵੱਲ ਪਰਕਾਸ਼ ਹੋਣ ਵਾਲਾ ਹੈ ਮਿਚਾਉਣ ਦੇ ਜੋਗ ਨਹੀਂ'' (ਰੋਮੀਆਂ 8:18)। ਜਿਸ ਪਰਤਾਪ ਦਾ ਸਾਨੂੰ ਵਾਅਦਾ ਕੀਤਾ ਗਿਆ ਹੈ ਉਹ ਇਹ ਹੈ ਕਿ ਜੀ ਉੱਠਣ ਵੇਲੇ (ਫ਼ਿਲਿੱਪੀਆਂ 3:21; 1 ਯੂਹੰਨਾ 3:2) ਅਸੀਂ ਖ਼ੁਦਾ ਦੀ ਸਮਾਨਤਾ ਵਿਚ ਬਦਲ ਜਾਵਾਂਗੇ (1 ਕੁਰਿੰਥੀਆਂ 15:51, 52) ਉਦੋਂ ਸਾਨੂੰ ਪਤਾ ਲੱਗੇਗਾ ਕਿ ਇਸ ਜ਼ਿੰਦਗੀ ਵਿਚ ਯਿਸੂ ਦੀ ਸੇਵਾ ਕਰਨ ਦੀਆਂ ਸਾਡੀਆਂ ਸਾਰੀਆਂ ਕੋਸ਼ਿਸ਼ਾਂ ਕੰਮ ਆਈਆਂ ਹਨ। ਪੌਲੁਸ ਨੇ ਲਿਖਿਆ ਹੈ, ''ਅਤੇ ਭਲਿਆਈ ਕਰਦਿਆਂ ਅਸੀਂ ਅੱਕ ਨਾ ਜਾਈਏ ਕਿਉਂਕਿ ਜੇ ਹੌਸਲਾ ਨਾ ਹਾਰੀਏ ਤਾਂ ਵੇਲੇ ਸਿਰ ਵੱਢਾਂਗੇ'' (ਗਲਾਤੀਆਂ 6:9)।

(2) *ਪਿਆਰ ਦੇ ਕਾਰਣ ਨਜ਼ਦੀਕੀ।* ਮਸੀਹੀ ਲੋਕਾਂ ਦੇ ਰੂਪ ਵਿਚ ਸਾਨੂੰ ਰੂਹਾਨੀ ਤੌਰ ਤੇ ਨੇੜੇ ਹੋਣਾ ਜ਼ਰੂਰੀ ਹੈ। ਪਿਆਰ ਦਾ ਇਕ ਆਮ ਰਿਸ਼ਤਾ ਸਾਨੂੰ ਇਕਜੁਟ ਕਰਦਾ ਹੈ। ਮਸੀਹੀ ਲੋਕਾਂ ਦੀ ਨੇੜਤਾ ਦਾ ਬਿਆਨ ਕਰਨ ਲਈ ਪੌਲੁਸ ਨੇ ''ਗੁੰਦੇ'' ਸ਼ਬਦ ਦੀ ਵਰਤੋਂ ਕੀਤੀ। ਉਵੇਂ ਹੀ ਜਿਵੇਂ ਕੱਪੜੇ ਦਾ ਇਕ ਤੰਦ ਦੂਜੇ ਤੰਦ ਨਾਲ ਗੁੰਦਿਆ ਰਹਿੰਦਾ ਹੈ ਕਿਉਂ ਜੋ ਉਨ੍ਹਾਂ ਦੀਆਂ ਤਾਰਾਂ ਇਕ ਦੂਜੇ ਨਾਲ ਗੁੰਦੀਆਂ ਹੋਈਆਂ ਹਨ, ਮਸੀਹੀ ਲੋਕਾਂ ਨੂੰ ਪਿਆਰ ਨਾਲ ਗੁੰਦੇ ਰਹਿਣਾ ਜ਼ਰੂਰੀ ਹੈ। ਸਾਨੂੰ ਇਕੱਲੇ ਨਹੀਂ ਰਹਿਣਾ ਚਾਹੀਦਾ, ਜਿਵੇਂ ਇਕ ਡੋਰੀ ਆਪਣੇ ਆਪ ਵਿਚ ਉਲਝ ਜਾਂਦੀ ਹੈ, ਬਲਕਿ ਮਸੀਹੀ ਸੰਗਤੀ ਦੇ ਖ਼ੂਬਸੂਰਤ ਤਾਣੇ ਵਿਚ ਬੁਣੇ ਜਾਣਾ ਚਾਹੀਦਾ ਹੈ। ਪ੍ਰੇਮ ਉਹ ਗੁਣ ਹੈ ਜਿਹੜਾ ਲੋਕਾਂ ਨੂੰ ਪੂਰੇ ਮਸੀਹੀ ਪਰਿਵਾਰ ਦਾ ਹਿੱਸਾ ਬਣਨ ਵਿਚ ਮਦਦ ਕਰੇਗਾ।

ਮਸੀਹੀ ਵਿਹਾਰ ਦਾ ਸਿਖਰ ਪ੍ਰੇਮ ਹੈ। ਪ੍ਰੇਮ ਦਾ ਹੁਕਮ ਕੀਤਾ ਗਿਆ ਹੈ (ਯੂਹੰਨਾ 13:34)। ਇਸ ਨੂੰ ਸਭ ਤੋਂ ਵੱਡੇ ਗੁਣ ਦੇ ਰੂਪ ਵਿਚ ਵਡਿਆਇਆ ਗਿਆ ਹੈ (1 ਕੁਰਿੰਥੀਆਂ 13:13)। ਖ਼ੁਦਾ ਪ੍ਰੇਮ ਹੈ। ਉਹਦੇ ਵਰਗੇ ਬਣਨ ਲਈ ਸਾਡੇ ਵਾਸਤੇ ਪ੍ਰੇਮ ਰੱਖਣਾ ਜ਼ਰੂਰੀ ਹੈ। ਜੇ ਅਸੀਂ ਪ੍ਰੇਮ ਨਹੀਂ ਰੱਖਦੇ ਹਾਂ ਤਾਂ ਅਸੀਂ ਖ਼ੁਦਾ ਨੂੰ ਨਹੀਂ ਜਾਣਦੇ ਹਾਂ, ਕਿਉਂ ਜੋ ਉਹ ਪ੍ਰੇਮ ਹੈ (1 ਯੂਹੰਨਾ 4:8)।

(3) *ਸਮਝ ਦੇ ਪੂਰੇ ਭਰੋਸੇ ਦੀ ਦੌਲਤ।* ਪੌਲੁਸ ਦੇ ਕਹਿਣ ਤੋਂ ਭਾਵ ਇਹ ਨਹੀਂ ਸੀ ਕਿ ਦੁਨਿਆਵੀ ਦੌਲਤ ਸਮਝ ਨਾਲ ਮਿਲਦੀ ਹੈ। ਅਜਿਹੀ ਦੌਲਤ ਦੀ ਇੱਛਾ ਸੰਸਾਰ ਸਭ ਤੋਂ ਵੱਧ ਕਰਦਾ ਹੈ। ਲੋਕਾਂ ਨੇ ਪੈਸੇ ਲਈ ਆਪਣੇ ਜ਼ਮੀਰ ਨੂੰ ਵੇਚ ਦਿੱਤਾ ਹੈ ਅਤੇ ਕਈ ਅਜ਼ਮਾਇਸ਼ਾ ਅਤੇ ਪੰਗਿਆਂ ਵਿਚ ਪੈ ਗਏ

ਹਨ। ਜਿਸ ਵਿਚ ''ਬਹੁਤਿਆਂ ਮੂਰਖਪੁਣੇ ਦਿਆਂ ਅਤੇ ਨੁਕਸਾਨ ਕਰਨ ਵਾਲਿਆਂ ਵਿਸ਼ਿਆਂ ਵਿਚ ਪੈਂਦੇ ਹਨ ਜੋ ਮਨੁੱਖਾਂ ਨੂੰ ਤਬਾਹੀ ਅਤੇ ਨਾਸ ਦੇ ਸਮੁੰਦਰ ਵਿਚ ਡੋਬ ਦਿੰਦੇ ਹਨ'' (1 ਤਿਮੋਥਿਉਸ 6:9)। ਬਹੁਤ ਸਾਰੇ ਲੋਕ ਪੈਸੇ ਨਾਲ ਪਿਆਰ ਕਰਨ ਕਰਕੇ ਤਬਾਹ ਹੋ ਗਏ ਹਨ।

ਮਸੀਹੀ ਹੋਣ ਦੇ ਨਾਤੇ ਜੋ ਧਨ ਸਾਡੇ ਕੋਲ ਹੋਣਾ ਚਾਹੀਦਾ ਹੈ ਉਹ ਉਸ ਸਮਝ ਨਾਲ ਮਿਲਦਾ ਹੈ ਜਿਹੜੀ ਯਿਸੂ ਦਿੰਦਾ ਹੈ। ਮੂਸਾ ਨੇ ਅਸਲ ਦੌਲਤ ਨੂੰ ਸਮਝ ਲਿਆ ਸੀ। ਉਸ ਨੇ ''ਵਿਚਾਰ ਕੀਤਾ ਭਈ ਮਸੀਹ ਦੇ ਨਮਿੱਤ ਨਿੰਦਿਆ ਜਾਣਾ ਮਿਸਰ ਦੇ ਖ਼ਜ਼ਾਨਿਆਂ ਨਾਲੋਂ ਵੱਡਾ ਧਨ ਹੈ ਕਿਉਂ ਜੋ ਫਲ਼ ਵੱਲ ਉਹ ਦਾ ਧਿਆਨ ਸੀ'' (ਇਬਰਾਨੀਆਂ 11:26)। ਸੁਲੇਮਾਨ ਨੇ ਲਿਖਿਆ ਹੈ, ''ਅਧੀਨਗੀ ਅਤੇ ਯਹੋਵਾਹ ਦਾ ਭੈਅ ਮੰਨਣ ਦਾ ਫਲ਼ ਧਨ, ਆਦਰ ਅਤੇ ਜੀਉਣ ਹੈ'' (ਕਹਾਉਤਾਂ 22:4)।

ਸੁਲੇਮਾਨ ਨੂੰ ਦੌਲਤ ਨਾਲ ਹੋਣ ਵਾਲੀ ਦਿੱਕਤ ਦੀ ਡੂੰਘੀ ਸਮਝ ਸੀ। ਉਸ ਨੇ ਲਿਖਿਆ, ''ਉਹ ਜੋ ਚਾਂਦੀ ਨੂੰ ਲੋਚਦਾ ਹੈ ਸੋ ਚਾਂਦੀ ਨਾਲ ਨਾ ਰੱਜੇਗਾ, ਅਤੇ ਜਿਹੜਾ ਧਨ ਚਾਹੁੰਦਾ ਹੈ ਸੋ ਉਹਦੇ ਵਾਧੇ ਨਾਲ ਨਾ ਰੱਜੇਗਾ'' (ਉਪਦੇਸ਼ਕ ਦੀ ਪੋਥੀ 5: 10)। ਬੁੱਧ ਅਤੇ ਸਮਝ ਦਾ ਫਲ਼ ''ਸੋਨੇ ਸਗੋਂ ਚੋਖੇ ਸੋਨੇ ਨਾਲੋਂ ਚੰਗਾ ਹੈ, ਅਤੇ ਮੇਰੀ ਪ੍ਰਾਪਤੀ ਉੱਤਮ ਚਾਂਦੀ ਨਾਲੋਂ'' (ਕਹਾਉਤਾਂ 8: 19)। ਉਸ ਨੇ ਦੌਲਤ ਦੀ ਖੋਜ ਕਰਨ ਵਾਲਿਆਂ ਨੂੰ ਸਮਝਾਇਆ:

> ਧਨਵਾਨ ਹੋਣ ਦੀ ਖੇਚਲ ਨਾ ਕਰ,
> ਆਪਣੀ ਸਿਆਣਪ ਨੂੰ ਛੱਡ ਦੇਹ।
> ਭਲਾ, ਤੂੰ ਮਾਯਾ ਉੱਤੇ ਆਪਣੀ ਨਿਗਾਹ ਲਾਵੇਂਗਾ?
> ਉਹ ਨੂੰ ਜ਼ਰੂਰ ਪਰ ਲੱਗਦੇ ਅਤੇ ਉਕਾਬ ਵਾਂਗੂ ਅਕਾਸ਼ ਵੱਲ ਉੱਡ ਜਾਂਦੀ ਹੈ (ਕਹਾਉਤਾਂ 23:4, 5)।

ਸਹੀ ਇੱਛਾ ਨਾ ਤਾਂ ਗਰੀਬੀ ਹੈ ਅਤੇ ਨਾ ਅਮੀਰੀ। ਦੋਵੇਂ ਹੀ ਆਦਮੀ ਨੂੰ ਪ੍ਰਭੂ ਵੱਲੋਂ ਮੋੜ ਸਕਦੇ ਹਨ (ਕਹਾਉਤਾਂ 30:8, 9)। ਬਲਕਿ ਰੂਹਾਨੀ ਦੌਲਤ ਅਤੇ ਜਾਇਦਾਦ ਦੀ ਇੱਛਾ ਕਰਨੀ ਚਾਹੀਦੀ ਹੈ ਜਿਹੜੀ ਮਸੀਹ ਦੇ ਰਾਹੀਂ ਮਿਲਦੀ ਹੈ।

(4) *ਮਸੀਹ ਵਿਚ ਬੁੱਧ ਅਤੇ ਗਿਆਨ।* ਖ਼ੁਦਾ ਦੀ ਬੁੱਧ ਅਤੇ ਗਿਆਨ ਸਿਰਫ਼ ਯਿਸੂ ਦੇ ਰਾਹੀਂ ਪਰਗਟ ਕੀਤੇ ਗਏ ਹਨ। ਪੌਲੁਸ ਨੇ ਲਿਖਿਆ ਕਿ ਖ਼ੁਦਾ ਨੂੰ ਦੁਨਿਆਵੀ ਬੁੱਧ ਨਾਲ ਨਹੀਂ ਜਾਣਿਆ ਜਾ ਸਕਦਾ (1 ਕੁਰਿੰਥੀਆਂ 1:21)। ਯਿਸੂ ਨੂੰ ਜਾਂ ਉਸ ਦੀਆਂ ਸਿੱਖਿਆਵਾਂ ਨੂੰ ਸਮਝਣਾ ਹੀ ਅਸਲ ਗਿਆਨ ਹੈ। ਪੌਲੁਸ ਰਸੂਲ ਵਾਂਗ ਸਾਡੀ ਚਿੰਤਾ ਵੀ ਲੋਕਾਂ ਨੂੰ ਉਸ ''ਬੁੱਧ ਅਤੇ ਗਿਆਨ ਦੇ ਖ਼ਜ਼ਾਨੇ ਤਕ ਲਿਆਉਣ ਦੀ ਹੋਣੀ ਚਾਹੀਦੀ ਹੈ ਜਿਹੜਾ ਮਸੀਹ ਵਿਚ ਮਿਲਦਾ ਹੈ।

(5) *ਮਸੀਹ ਨਾਲ ਵਫ਼ਾਦਾਰੀ।* ਮਸੀਹ ਵਿਚ ਖ਼ਜ਼ਾਨੇ ਪਾਉਣ ਕਰਕੇ ਸਾਨੂੰ ਉਹਦੇ ਨਾਲ ਵਫ਼ਾਦਾਰ ਰਹਿਣਾ ਚਾਹੀਦਾ ਹੈ ਅਤੇ ਮਨੁੱਖਾਂ ਦੀ ਸਿੱਖਿਆ ਅਤੇ ਫ਼ਿਲਾਸਫ਼ੀ ਵਿਚ ਨਹੀਂ ਪੈਣਾ ਚਾਹੀਦਾ। ਕੁਲੁੱਸੀਆਂ ਨੂੰ ਇਹ ਦੱਸਣ ਦਾ ਕਿ ਪੌਲੁਸ ਦਾ ਕਾਰਣ ਕਿ ਸਾਰੀ ਬੁੱਧ ਅਤੇ ਗਿਆਨ ਮਸੀਹ ਵਿਚ ਮਿਲਦੀ ਹੈ, ਉਨ੍ਹਾਂ ਨੂੰ ਯਿਸੂ ਵੱਲ ਵੇਖਣ ਲਈ ਦਿਲੇਰ ਕਰਨਾ ਸੀ ਨਾ ਕਿ ਮਨੁੱਖੀ ਬੁੱਧ ਵੱਲ ਨੂੰ ਵੇਖਣ ਲਈ।

ਰੂਹਾਨੀ ਖੇਤਰ ਵਿਚ ਸਾਨੂੰ ਜਿਸ ਚੀਜ਼ ਦੀ ਲੋੜ ਹੈ ਉਹ ਮਸੀਹ ਵਿਚ ਮਿਲਦੀ ਹੈ। ਸਾਰੀ ਬੁੱਧ ਅਤੇ ਸਮਝ ਮਸੀਹ ਵਿਚ ਮਿਲਦੀ ਹੈ। ਸਾਨੂੰ ਓਸੇ ਵਿਚ ਉਸਰਨਾ ਅਤੇ ਓਸੇ ਨੂੰ ਫੜ੍ਹੀ ਰੱਖਣਾ ਅਤੇ ਉਸ ਤੋਂ ਦੂਰ ਨਾ ਹੋਣਾ ਜ਼ਰੂਰੀ ਹੈ। ਜੇ ਅਸੀਂ ਸਚਮੁਚ ਵਿਚ ਉਸ ਦਾ ਹਿੱਸਾ ਬਣ ਜਾਈਏ ਤਾਂ ਕੋਈ ਵੀ ਦੁਨਿਆਵੀ ਸ਼ਕਤੀ ਜਾਂ ਹਿੱਸਾ ਉਹਦੇ ਨਾਲ ਸਾਡੇ ਸਬੰਧ ਨੂੰ ਤੋੜੇਗੀ ਨਹੀਂ।

**ਨਿਹਚਾ ਵਿਚ ਵਧਣਾ (2: 1-5)**

ਯਿਸੂ ਵਿਚ ਵੱਡੇ ਵੱਡੇ ਖ਼ਜ਼ਾਨੇ ਪਾਏ ਜਾਂਦੇ ਹਨ। ਸਾਡਾ ਟੀਚਾ ਉਸ ਵਿਚ ਮਜ਼ਬੂਤ ਹੋਣਾ ਅਤੇ ਉਨ੍ਹਾਂ ਫ਼ਾਇਦਿਆਂ ਦਾ ਅਨੰਦ ਲੈਣਾ ਹੋਣਾ ਚਾਹੀਦਾ ਹੈ ਜਿਹੜੇ ਉਸ ਦੇ ਨਾਲ ਨਜ਼ਦੀਕੀ ਸਬੰਧ ਨਾਲ ਮਿਲ ਸਕਦੇ ਹਨ। ਸੰਸਾਰ ਦੇ ਨਿਯਮਾਂ ਦਾ ਯਿਸੂ ਵਿਚ ਪਾਈਆਂ ਜਾਣ ਵਾਲੀਆਂ ਬਰਕਤਾਂ ਦੀ ਦੌਲਤ ਨਾਲ ਕੋਈ ਮੁਕਾਬਲਾ ਨਹੀਂ ਹੈ।

ਪੌਲੁਸ ਨੇ ਦੂਜਿਆਂ ਦੀ ਭਲਿਆਈ ਚਾਹੀ (ਆਇਤਾਂ 1, 5)। ਉਸ ਨੇ ਭਾਈਆਂ ਨੂੰ ਆਪਣੀ ਰੂਹਾਨੀਅਤ ਅਤੇ ਸਿੱਖਿਆ ਵਿਚ ਸ਼ੁੱਧਤਾ ਲਿਆ ਕੇ ਉਨ੍ਹਾਂ ਨੂੰ ਮਸੀਹ ਵਿਚ ਸਿੱਧ ਬਣਾ ਕੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ।

ਕਲੀਸੀਆ ਦੇ ਹਰ ਆਗੂ ਨੂੰ ਮਸੀਹ ਦੇ ਚੇਲਿਆਂ ਦੀ ਰੂਹਾਨੀ ਸਿੱਧਤਾ ਦੀ ਚਾਹ ਕਰਨੀ ਚਾਹੀਦੀ ਹੈ। ਅਫ਼ਸੀਆਂ ਵਿਚ ਪੌਲੁਸ ਨੇ ਆਗੂਆਂ ਨੂੰ ਮੰਡਲੀ ਦੇ ਲੋਕਾਂ ਨੂੰ ‘‘ਸੱਭੇ ਨਿਹਚਾ ਦੀ ਅਤੇ ਪਰਮੇਸ਼ੁਰ ਦੇ ਪੁੱਤਰ ਦੀ ਪਛਾਣ ਦੀ ਏਕਤਾ ਅਤੇ ਪੂਰੇ ਮਰਦਊਪੁਣੇ ਤੀਕ ਅਰਥਾਤ ਮਸੀਹ ਦੀ ਪੂਰੀ ਡੀਲ ਦੇ ਅੰਦਾਜ਼ੇ ਤੀਕ’’ ਪਹੁੰਚਾਉਣ ਦੀ ਹਦਾਇਤ ਕੀਤੀ (ਅਫ਼ਸੀਆਂ 4:13)।

ਮੁੰਡੇ ਆਮ ਤੌਰ ਤੇ ਲੰਮਾ ਕੱਦ ਚਾਹੁੰਦੇ ਹਨ। ਕਈ ਵਾਰ ਇਹ ਵੇਖਣ ਲਈ ਕਿ ਉਹ ਕਿੰਨੇ ਲੰਮੇ ਹੋ ਗਏ ਹਨ ਉਹ ਆਪਣੇ ਆਪ ਨੂੰ ਆਪਣੇ ਮੰਮੀ ਡੈਡੀ ਨਾਲ ਮਿਲਾਉਂਦੇ ਹਨ। ਇਕ ਮੁੰਡਾ ਆਪਣੇ ਉੱਚੇ ਕੱਦ ਨੂੰ ਵਿਖਾਉਣ ਲਈ ਆਪਣੇ ਛੋਟੇ ਭਾਈ ਭੈਣ ਕੋਲ ਫ਼ਖ਼ਰ ਨਾਲ ਖਲੋ ਸਕਦਾ ਹੈ। ਕੋਈ ਹੋਰ ਇਹ ਵੇਖਣ ਲਈ ਕਿ ਉਸ ਨੂੰ ਉਸ ਜਿਨ੍ਹਾਂ ਲੰਮਾ ਹੋਣ ਲਈ ਹੋਰ ਕਿੰਨਾਂ ਉੱਚਾ ਹੋਣਾ ਪਵੇਗਾ, ਆਪਣੇ ਤੋਂ ਲੰਮੇ ਦੋਸਤ ਕੋਲ ਖਲੋ ਸਕਦਾ ਹੈ।

ਆਗੂ ਮਸੀਹੀ ਲੋਕਾਂ ਨੂੰ ਆਪਣੇ ਉੱਤਮ ਗੁਣਾਂ ਉੱਤੇ ਸ਼ੇਖ਼ੀ ਮਾਰਨ ਲਈ ਦੂਜਿਆਂ ਨਾਲ ਨਾ ਮਿਲਾਉਣ ਲਈ ਦਲੇਰ ਕਰ ਸਕਦੇ ਹਨ। ਉਹ ਭਾਈਆਂ ਨੂੰ ਯਿਸੂ ਨਾਲ ਮਿਲਾਉਣ ਲਈ ਸਿਖਾ ਸਕਦੇ ਹਨ। ਤਾਂ ਜੋ ਉਹ ਉਸ ਦੇ ਮਰਦਊਪੁਣੇ ਤੀਕ ਪਹੁੰਚਣ ਸਕਣ।

ਪੌਲੁਸ ਦਾ ਵਿਹਾਰ ਅਜਿਹਾ ਸੀ ਕਿ ਉਹ ਮਸੀਹੀ ਲੋਕਾਂ ਨੂੰ ਵਧਣ ਵਿਚ ਮਦਦ ਕਰਕੇ ਆਪਣੇ ਆਪ ਨੂੰ ਕੁਰਬਾਨ ਕਰਨ ਵਿਚ ਖੁਸ਼ ਰਹਿੰਦਾ ਸੀ (ਫ਼ਿਲਿੱਪੀਆਂ 2:17)। ਮਸੀਹੀ ਆਗੂਆਂ ਨੂੰ ਮੰਡਲੀ ਦੀ ਭਲਿਆਈ ਲਈ ਆਪਣੇ ਆਪ ਨੂੰ ਦੇਣ ਵਾਸਤੇ ਤਿਆਰ ਰਹਿਣਾ ਜ਼ਰੂਰੀ ਹੈ।

ਪੌਲੁਸ ਪ੍ਰੇਮ ਅਤੇ ਰੂਹਾਨੀ ਸਮਝ ਦੇ ਗੁੰਦੇ ਹੋਣ ਦਾ ਚਾਹਵਾਨ ਸੀ (ਆਇਤ 2)। ਉਸ ਦਾ ਵੱਡਾ ਟੀਚਾ ਮਸੀਹੀ ਸਮਾਜ ਨੂੰ ਉਸ ਪ੍ਰੇਮ ਤਕ ਪਹੁੰਚਾਉਣਾ ਸੀ ਜਿਹੜਾ ਉਨ੍ਹਾਂ ਨੂੰ ਇਕ ਦੂਜੇ ਨੂੰ ਹੋਰ ਨਜ਼ਦੀਕੀ ਨਾਲ ਜੋੜ ਸਕੇ। ਪ੍ਰੇਮ ਸਿਖਾਉਣ ਦੇ ਨਾਲ ਨਾਲ ‘‘ਫੜਿਆ’’ ਜਾਂਦਾ ਹੈ। ਰਸੂਲਾਂ ਨੇ ਯਿਸੂ ਦੇ ਨਾਲ ਆਪਣੀ ਸੰਗਤੀ ਤੋਂ ਪ੍ਰੇਮ ਦਾ ਸਬਕ ਸਿੱਖਿਆ ਸੀ (ਯੂਹੰਨਾ 13:34)। ਪੌਲੁਸ ਨੇ ਇਮਾਨਦਾਰੀ ਨਾਲ ਆਪਣੇ ਸਾਥੀ ਮਸੀਹੀ ਲੋਕਾਂ ਨਾਲ ਪਿਆਰ ਕੀਤਾ (1 ਕੁਰਿੰਥੀਆਂ 10:14; 15:58; 16:24; 2 ਕੁਰਿੰਥੀਆਂ 2:4)। ਚੇਲਿਆਂ ਨੂੰ ਪੌਲੁਸ ਦੀ ਨਕਲ ਕਰਕੇ ਜਿਵੇਂ ਉਸ ਨੇ ਮਸੀਹ ਦੀ ਨਕਲ ਕੀਤੀ ਸੀ ਉਸ ਤੋਂ ਪ੍ਰੇਮ ਕਰਨ ਦਾ ਸਿੱਖਣ ਦਾ ਮੌਕਾ ਸੀ (1 ਕੁਰਿੰਥੀਆਂ 11:1)। ਦਾਊਦ ਲਈ ਆਪਣੇ ਪ੍ਰੇਮ ਕਰਕੇ ਜਿਹੜੀ ਕੁਰਬਾਨੀ ਯੋਨਾਥਨ ਦੇਣ ਨੂੰ ਤਿਆਰ ਸੀ ਉਹ ਪ੍ਰੇਮ ਦੀ ਵਧੀਆ ਮਿਸਾਲ ਹੈ। ਜਿਹੜਾ ਮਸੀਹੀ ਲੋਕਾਂ ਨੂੰ ਇਕ ਦੂਜੇ ਨਾਲ ਕਰਨਾ ਚਾਹੀਦਾ ਹੈ।

ਯਿਸੂ ਤੋਂ ਸਿੱਖਣ ਵਿਚ ਬਹੁਤ ਸਮਾਂ ਦਿੱਤਾ ਜਾਣਾ ਚਾਹੀਦਾ ਹੈ। ਉਹ ਬੁੱਧ ਅਤੇ ਗਿਆਨ ਦਾ ਅਸਲ ਦੇਣ ਵਾਲਾ ਹੈ (ਆਇਤਾਂ 3, 4)।

**ਸਿਰਫ਼ ਯਿਸੂ ਵੱਲ ਤੱਕਣਾ (2:6, 7)**

ਮਸੀਹੀ ਲੋਕਾਂ ਨੂੰ ਸਿਰਫ਼ ਯਿਸੂ ਵਿਚ ਚੱਲਣਾ ਜ਼ਰੂਰੀ ਹੈ (ਆਇਤ 6), ਕਿਉਂ ਜੋ ਪਿਤਾ ਤਕ ਪਹੁੰਚ ਵਾਲਾ ਇੱਕੋ ਇਕ ਰਾਹ ਉਹੀ ਹੈ (ਯੂਹੰਨਾ 14:6; ਰਸੂਲਾਂ ਦੇ ਕੰਮ 4:12)। ਉਸ ਵਿਚ ਚੱਲਣ

ਦਾ ਅਰਥ ਜੀਣ ਦੇ ਉਸ ਦੇ ਨਮੂਨੇ ਨੂੰ ਮੰਨਣਾ ਹੈ ਜਿਹੜਾ ਉਸ ਨੇ ਦਿੱਤਾ ਹੈ (1 ਯੂਹੰਨਾ 2:6)। ਮਸੀਹੀ ਲੋਕਾਂ ਲਈ ਸਾਡਾ ਟੀਚਾ ਆਪਣੇ ਲੋਕਾਂ ਨੂੰ ਯਿਸੂ ਦੀ ਜੀਵਨ ਸ਼ੈਲੀ ਤਕ ਸੀਮਤ ਕਰਨਾ ਹੈ। ਜਿਹੜੇ ਲੋਕ ਇਸਦੇ ਉਲਟ ਕਰਦੇ ਹਨ ਉਹ ਯਿਸੂ ਵਿਚ ਨਹੀਂ ਚੱਲ ਰਹੇ ਹਨ।

ਸਾਨੂੰ ਯਿਸੂ ਵਿਚ ਮਜ਼ਬੂਤੀ ਨਾਲ ਜੜ੍ਹ ਫੜ੍ਹਨ ਦੀ ਲੋੜ ਹੈ (ਆਇਤ 7)। ਰੁੱਖ ਦੀਆਂ ਜੜ੍ਹਾਂ ਬਹੁਤ ਡੂੰਘੀਆਂ, ਮਜ਼ਬੂਤ ਹੋਣ ਤਾਂ ਉਹ ਤੂਫ਼ਾਨਾਂ ਵਿਚ ਟਿਕਿਆ ਰਹਿ ਸਕਦਾ ਹੈ। ਦਾਊਦ ਨੇ ਸਮਝਾਇਆ ਕਿ ਖ਼ੁਦਾ ਦੇ ਵਚਨ ਉੱਤੇ ਧਿਆਨ ਲਾਉਣ ਵਾਲਾ ਆਦਮੀ ਉਸ ਰੁੱਖ ਵਾਂਗ ਹੈ ਜਿਹੜਾ ਦਰਿਆ ਦੇ ਕੰਢੇ ਲਾਇਆ ਗਿਆ ਹੈ (ਜ਼ਬੂਰ 1:3)। ਸਾਨੂੰ ਯਿਸੂ ਨਾਲ ਇਵੇਂ ਚੰਬੜ ਜਾਣਾ ਚਾਹੀਦਾ ਹੈ ਕਿ ਨੈਤਿਕਤਾਵਾਂ ਵਿਚ, ਸਿੱਖਿਆ ਵਿਚ ਜਾਂ ਆਪਣੀ ਜ਼ਿੰਦਗੀ ਦੇ ਕਿਸੇ ਵੀ ਪਹਿਲੂ ਵਿਚ ਅਸੀਂ ਉਸ ਤੋਂ ਅੱਡ ਨਾ ਹੋ ਸਕੀਏ (1 ਕੁਰਿੰਥੀਆਂ 15:58)। ਸੰਸਾਰ ਦੇ ਰਾਹੀਂ ਸ਼ੈਤਾਨ ਮਸੀਹੀ ਲੋਕਾਂ ਨੂੰ ਯਿਸੂ ਨਾਲ ਪੱਕਾ ਰਿਸ਼ਤਾ ਤੋੜਨ ਦੀ ਤਲਾਸ਼ ਵਿਚ ਰਹਿੰਦਾ ਹੈ (1 ਪਤਰਸ 5:8)। ਯੂਹੰਨਾ ਮਸੀਹ ਦੇ ਚੇਲਿਆਂ ਨੂੰ ਸੰਸਾਰ ਦੇ ਪ੍ਰੇਮ ਜਾਂ ਸੰਸਾਰ ਦੀਆਂ ਗੱਲਾਂ ਵਿਚ ਨਾ ਪੈਣ ਦੀ ਸਿੱਖਿਆ ਦਿੰਦਾ ਹੈ (1 ਯੂਹੰਨਾ 2:15–17)।

---

ਟਿੱਪਣੀਆਂ

[1]ਇਹੀ ਯੂਨਾਨੀ ਸ਼ਬਦ ਫ਼ਿਲਿੱਪੀਆਂ 1:30; 1 ਥੱਸਲੁਨੀਕੀਆਂ 2:2; 1 ਤਿਮੋਥਿਉਸ 6:12; 2 ਤਿਮੋਥਿਉਸ 4:7; ਅਤੇ ਇਬਰਾਨੀਆਂ 12:1 ਵਿਚ ਮਿਲਦਾ ਹੈ। [2]ਉਦਾਹਰਣ ਲਈ, ਵੇਖੋ ਰਸੂਲਾਂ ਦੇ ਕੰਮ 20:31; 2 ਕੁਰਿੰਥੀਆਂ 2:4; ਗਲਾਤੀਆਂ 4:19; ਫ਼ਿਲਿੱਪੀਆਂ 1:18; 1 ਥੱਸਲੁਨੀਕੀਆਂ 2:8. [3]ਕੁਝ ਹੱਥਲਿਖਤਾਂ ਵਿਚ ''ਅਤੇ ਹਿਯਰਾਪੁਲਿਸ ਵਾਲਿਆਂ'' ਜੋੜਿਆ ਗਿਆ ਹੈ। [4]1 ਸਮੂਏਲ 16:7; 1 ਰਾਜਿਆਂ 8:39; ਲੂਕਾ 16:15; ਰਸੂਲਾਂ ਦੇ ਕੰਮ 1:24; ਰੋਮੀਆਂ 8:27; ਪ੍ਰਕਾਸ਼ ਦੀ ਪੋਥੀ 2:23. [5]ਰੌਬਰਟ ਜੀ. ਬ੍ਰੇਚਰ ਅਤੇ ਯੂਜੀਨ ਏ. ਨਿਡਾ, *ਏ ਟ੍ਰਾਂਸਲੇਰ'ਜ਼ ਹੈਂਡਬੁਕ ਆਨ ਪੌਲ'ਜ਼ ਲੈਟਰਜ਼ ਟੂ ਦ ਕੋਲੋਸੀਅੰਜ਼ ਐਂਡ ਟੂ ਫਿਲੇਮੋਨ,* ਹੈਲਪਸ ਫ਼ਾਰ ਟ੍ਰਾਂਸਲੇਟਰਜ਼ (ਨਿਊ ਯਾਰਕ: ਯੂਨਾਈਟਡ ਬਾਈਬਲ ਸੋਸਾਇਟੀਜ਼, 1977), 46. [6]ਐੱਚ. ਸੀ. ਜੀ. ਮਾਉਲ, *ਦ ਐਪਿਸਟਲਜ਼ ਟੂ ਦ ਕੋਲੋਸੀਅੰਜ਼ ਐਂਡ ਟੂ ਫਿਲੇਮੋਨ,* ਦ ਕੈਂਬ੍ਰਿਜ ਬਾਈਬਲ ਫ਼ਾਰ ਸਕੂਲਜ਼ ਐਂਡ ਕਾਲੇਜਜ਼ (ਕੈਂਬ੍ਰਿਜ: ਯੂਨੀਵਰਸਿਟੀ ਪ੍ਰੈੱਸ, 1893; ਰੀਪ੍ਰਿੰਟ, 1902), 97. [7]ਬ੍ਰੇਚਰ ਅਤੇ ਨਿਡਾ, 48. [8]ਵੇਖੋ 1 ਕੁਰਿੰਥੀਆਂ 11:23; 15:1, 3; ਗਲਾਤੀਆਂ 1:9, 12; ਫ਼ਿਲਿੱਪੀਆਂ 4:9; 1 ਥੱਸਲੁਨੀਕੀਆਂ 2:13; 4:1; 2 ਥੱਸਲੁਨੀਕੀਆਂ 3:6. [9]ਏ. ਟੀ. ਰੌਬਰਟਸਨ, *ਪੌਲ ਐਂਡ ਦ ਇੰਟਲੈਕਚੁਅਲਜ਼: ਦ ਐਪਿਸਟਲ ਟੂ ਦ ਕੋਲੋਸੀਅੰਜ਼,* ਸੋਧ ਅਤੇ ਸੰਪਾ. ਡਬਲਯੂ. ਸੀ. ਸਟ੍ਰਿਕਲੈਂਡ (ਨੈਸ਼ਵਿੱਲ: ਬ੍ਰੌਡਮੈਨ ਪ੍ਰੈੱਸ, 1959), 76. [10]ਆਰ. ਸੀ. ਲੁਕਾਸ, *ਦ ਮੈਸੇਜ ਆਫ਼ ਕੋਲੋਸੀਅੰਜ਼ ਐਂਡ ਫਿਲੇਮੋਨ: ਫ਼ੁੱਲਨੈਸ ਐਂਡ ਫ਼੍ਰੀਡਮ,* ਦ ਬਾਈਬਲ ਸਪੀਕਸ ਟੁਡੇ (ਡਾਊਨਰਜ਼ ਗ੍ਰੋਵ, ਇਲਿਨੋਇ: ਇੰਟਰ–ਵਰਸਿਟੀ ਪ੍ਰੈੱਸ, 1980), 93.